# ਸੂਨਯ-ਬੋਧ



ਚਰਨ ਸਿੰਘ

# ਸ਼ੂਨਯ-ਬੋਧ

(ਕਾਵਿ ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼
ਪੰਜਾਬ ਬੁੱਕ ਸੈਂਟਰ

# Shuney Bodh

*(A Collection of Poems)*

By : CHARAN SINGH
8771-143 STREET
SURREY, B.C. V3W4G4
CANADA
Ph. : 778-564-0331
Email : virdycharan@gmail,com

©

Edition : 2016

Price : Rs. 200/-

Title Designed by : Harpreet Singh

**Published by :**
Punjab Book Centre
Sector 22, Chandigarh
Tel. : 0172-2701952, 2755056

---

ਸ਼ੁਨਯ-ਬੋਧ (ਕਾਵਿ ਸੰਗ੍ਰਹਿ), ਸ਼ਾਇਰ : ਚਰਨ ਸਿੰਘ
ਪ੍ਰਕਾਸ਼ਕ : ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ
ਛਾਪਕ : ਸਿਧਾਰਥ ਮੀਡੀਆ ਪਰਿੰਟਰਜ਼, ਚੰਡੀਗੜ੍ਹ

## ਚਰਨ ਸਿੰਘ ਦਾ ਜੀਵਨ—ਬਿਓਰਾ

ਜਨਮ : ਪਿੰਡ ਬੇਗੋਵਾਲ, ਨਵੰਬਰ 1/1947
ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ
ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ
ਪਤਨੀ : ਪ੍ਰਕਾਸ਼ ਕੌਰ
ਮੁੱਢਲੀ ਵਿੱਦਿਆ : ਸਿਆਲਕੋਟ ਖਾਲਸਾ ਹਾਈ ਸਕੂਲ ਜਲੰਧਰ
ਉੱਚ ਵਿੱਦਿਆ : ਲਾਇਲਪੁਰ ਖਾਲਸਾ ਕਾਲਜ ਜਲੰਧਰ
ਐਮ.ਏ. ਪੰਜਾਬੀ
ਚਰਨ ਸਿੰਘ 1980 ਤੋਂ ਕੈਨੇਡਾ ਰਹਿ ਰਿਹਾ ਹੈ

### ਛਪਾਈ ਅਧੀਨ ਪੁਸਤਕਾਂ

(1) ਮਹਿਮਾ (ਕਾਵਿ-ਸੰਗ੍ਰਹਿ)
(2) ਸਾਏ ਦਾ ਸਫ਼ਰ (ਕਾਵਿ ਸੰਗ੍ਰਹਿ)
(3) ਮੌਲੀ ਧਰਤੀ (ਲੋਕ ਟੱਪੇ)
(4) ਹੰਝੂਆਂ ਦੇ ਦਰਿਆ (ਪ੍ਰਗੀਤਕ-ਕਾਵਿ)
(5) ਛੁੱਪ ਗਏ ਤਾਰੇ (ਪ੍ਰਗੀਤਕ-ਕਾਵਿ)
(6) ਅਰਥ (ਛੋਟੀਆਂ ਲੰਬੀਆਂ ਕਵਿਤਾਵਾਂ)
(7) ਜਗਿਆਸਾ (ਛੋਟੀਆਂ ਲੰਬੀਆਂ ਕਵਿਤਾਵਾਂ)
(8) ਬਸਤੀ ਤੇ ਸ਼ਹਿਰ (ਛੋਟੀਆਂ ਲੰਬੀਆਂ ਕਵਿਤਾਵਾਂ)
(9) ਕ੍ਰਾਂਤੀ (ਛੋਟੀਆਂ ਲੰਬੀਆਂ ਕਵਿਤਾਵਾਂ)
(10) ਪ੍ਰਦੂਸ਼ਣ (ਛੋਟੀਆਂ ਲੰਬੀਆਂ ਕਵਿਤਾਵਾਂ)
(11) ਖ਼ਾਲੀ ਘਰ (ਛੋਟੀਆਂ ਲੰਬੀਆਂ ਕਵਿਤਾਵਾਂ)
(12) ਪ੍ਰਦਰਸ਼ਨੀ (ਛੋਟੀਆਂ ਲੰਬੀਆਂ ਕਵਿਤਾਵਾਂ)
(13) ਕਿਵ ਸੱਚਿਆਰਾ ਹੋਈਐ (ਕਾਵਿ-ਨਾਟਕ)
(14) ਆਧੁਨਿਕਤਾ ਦਾ ਮੁੱਢ ਤੇ ਵਿਕਾਸ (ਵਾਰਤਕ)

# ਵਿਸ਼ਵ ਸ਼ਾਂਤੀ ਨੂੰ ਸਮੱਰਪਿਤ

**ਇਸੇ ਕਲਮ ਤੋਂ**

* ਤੀਸਰੀ ਅੱਖ (ਕਾਵਿ ਸੰਗ੍ਰਹਿ) 1982
* ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
* ਸ਼ੂਨਯ-ਬੋਧ (ਕਾਵਿ ਸੰਗ੍ਰਹਿ) 1987
* ਆਪੇ ਬੋਲ ਸੂੰਤ (ਲੰਬੀ ਕਵਿਤਾ) 1998
* ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ) 2008
* ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) 2008
* ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ) 2008
* ਮੁੜ੍ਹਕੋ ਮੁੜ੍ਹਕੀ ਪੌਣ (ਕਾਵਿ ਸੰਗ੍ਰਹਿ) 2009
* ਵਿਪਰੀਤ (ਕਾਵਿ ਸੰਗ੍ਰਹਿ) 2009
* ਬਿੰਦੂ ਤੇ ਦਾਇਰੇ (ਕਾਵਿ ਸੰਗ੍ਰਹਿ) 2009
* ਅੰਤਰੀਵ (ਕਾਵਿ ਸੰਗ੍ਰਹਿ) 2010
* ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ) 2010
* ਤੁਪਕਾ ਤੁਪਕਾ ਸੂਰਜ (ਕਾਵਿ ਸੰਗ੍ਰਹਿ) 2010
* ਆਧੁਨਿਕ ਵਿਸ਼ਵ (ਲੰਬੀ ਕਵਿਤਾ) 2011
* ਪ੍ਰਕਰਮਾ (ਕਾਵਿ ਸੰਗ੍ਰਹਿ) 2011
* ਦੀਵੇ ਜਗਦੇ ਨੈਣ (ਅਗਜ਼ਲ ਸੰਗ੍ਰਹਿ) 2011
* ਰਿਸ਼ਮਾਂ (ਕਾਵਿ ਸੰਗ੍ਰਹਿ) 2012
* ਦਰਪਣ (ਕਾਵਿ ਸੰਗ੍ਰਹਿ) 2012
* ਅਨੁਭਵ (ਕਾਵਿ ਸੰਗ੍ਰਹਿ) 2012
* ਪ੍ਰਛਾਵੇਂ (ਕਾਵਿ ਸੰਗ੍ਰਹਿ) 2012
* ਤ੍ਰੈਕਾਲ (ਕਾਵਿ ਸੰਗ੍ਰਹਿ) 2012
* ਆਗਮਨ (ਕਾਵਿ ਸੰਗ੍ਰਹਿ) 2012
* ਪ੍ਰਵਾਜ਼ (ਕਾਵਿ ਸੰਗ੍ਰਹਿ) 2012
* ਤ੍ਰਿਵੇਣੀ (ਕਾਵਿ ਸੰਗ੍ਰਹਿ) 2012
* ਕੋਰਾ ਕਾਗ਼ਜ਼ (ਕਾਵਿ ਸੰਗ੍ਰਹਿ) 2012
* ਸ਼ਬਦਾਂ ਦਾ ਸਫ਼ਰ (ਕਾਵਿ ਸੰਗ੍ਰਹਿ) 2012
* ਬੁੱਕਲ (ਕਾਵਿ ਸੰਗ੍ਰਹਿ) 2012
* ਸ਼ੀਸ਼ੇ ਦਾ ਸ਼ਹਿਰ (ਕਾਵਿ ਸੰਗ੍ਰਹਿ) 2012
* ਸੁਰੱਖਸ਼ਾ (ਛੋਟੀਆਂ ਲੰਬੀਆਂ ਕਵਿਤਾਵਾਂ)2013
* ਹਸਤਨੇਪੁਰ (ਛੋਟੀਆਂ ਲੰਬੀਆਂ ਕਵਿਤਾਵਾਂ) 2013
* ਸਮਾਧੀ (ਕਾਵਿ ਸੰਗ੍ਰਹਿ) 2013
* ਅੰਕੁਰ (ਲਘੂ ਕਵਿਤਾਵਾਂ) 2013
* ਪੱਥਰ ਦਾ ਸਫ਼ਰ (ਕਾਵਿ ਸੰਗ੍ਰਹਿ) 2013
* ਮੁਕਤੀ (ਲੰਬੀ ਕਵਿਤਾ) 2014
* ਹੋਂਦ ਦੀ ਤਲਾਸ਼ (ਲੰਬੀ ਕਵਿਤਾ) 2014
* ਮੈਂ, ਪਗ-ਡੰਡੀ ਮੰਜ਼ਿਲ ਤੇ ਕੋਮਰਾਂ (ਲੰਬੀ ਕਵਿਤਾ) 2014
* ਚਰਨ ਸਿੰਘ ਕਾਵਿ ਬਾਰੇ ਆਲੋਚਨਾਤਮਕ ਅਧਿਅਨ-2015
* ਚਰਨ ਸਿੰਘ ਦਾ ਕਾਵਿ ਲੋਕ - ਪ੍ਰੋ. ਬ੍ਰਹਮ ਜਗਦੀਸ਼ ਸਿੰਘ-2015
* ਚਰਨ ਸਿੰਘ ਕਾਵਿ - ਪ੍ਰੋ. ਬ੍ਰਹਮ ਜਗਦੀਸ਼ ਸਿੰਘ-2015
* .Beyond the horizon (Poetry in English) Tanslator : Krishan Bector
* ਨੀਲਾ ਆਸਮਾਂ (ਕਾਵਿ-ਸੰਗ੍ਰਹਿ)-2016
* ਬਾਹਰੋਂ ਆਇਆ ਆਦਮੀ-2016
* ਕੁਕਨੂਸ਼ (ਕਾਵਿ-ਸੰਗ੍ਰਹਿ)-2016

# ਅਵਾਰਡਜ਼

(1) AWARD OF DISTINCTION
FROM : INDO - CANADIAN TIMES 1984

(2) ਸ਼ਾਨੇ ਪੰਜਾਬ DISTINCTION AWARD
FROM : INDO - CANADIAN TIMES 1986

(3) PROF MOHAN SINGH MEMORIAL
FOUNDATION, CANADA.

(4) AWARD OF DISTINCTION
FROM : RADIO RIMJIM CANADA 1993

(5) N R I SABHA JALANDHAR CITY
AWARD OF DISTINCTION 2003

(6) AWARD FOR THE CONRIBUTION TO
PUNJABI LITERATURE 2007

(7) ਸ਼ੁਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
FOR MA PUNJABI AS A TEXT BOOK

(8) ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ ਪੰਜ ਪਰਵਾਸੀ
ਸਾਹਿਤਕਾਰਾਂ ਤੇ Ph.D. ਕੀਤੀ, ਚਰਨ ਸਿੰਘ ਉਨ੍ਹਾਂ ਵਿਚੋਂ ਇਕ ਹੈ

(9) AWARD FOR OUTSTANDING CONTRIBUTION
TO THE PUNJABI POETRY FROM
INTERNATIONAL ASSOCIATION OF PUNJABI
AUTHORS & ARTISTS I.N.C. FOR 2011

(10) AWARD FOR OUTSTANDING CONTRIBUTION
TOWARDS PUNJABI LITERATURE FROM
CANADIAN INTERNATIONAL PUNJABI
SAHIT ACADEMY, CANADA, FOR 2011

# ਤਤਕਰਾ

*ਆਤਮ-ਬੋਧ ਤੋਂ ਮਾਨਵੀ ਅਸਤਿਤਵ ਵੱਲ ਵਧਦੇ ਕਦਮ :*
*-ਡਾ. ਕੁਲਬੀਰ ਸਿੰਘ ਕਾਂਗ*
*ਸਿਰਜਣਾ ਤੇ ਬੋਧ ਦਾ ਸੁਮੇਲ :* *-ਡਾ. ਦਵਿੰਦਰ ਕੌਰ*
*ਥਾਲੀ 'ਚ ਉੱਗੇ ਜੰਗਲ ਦੀ ਕਵਿਤਾ :* *-ਅਜਾਇਬ ਕਮਲ*

1. ਸ਼ਨਾਸਾ
2. ਦਾਇਰੇ ਦਾ ਖੇਤਰਫਲ
3. ਮੀਲ ਪੱਥਰ ਦਾ ਜਨਮ
4. ਗਰਭ-ਸ਼ੁਦਾ ਪੂਰਣਤਾ
5. ਅਸ਼ਬਦ
6. ਹਵਾ ਚੋਂ ਸਿੰਮਿਆਂ ਲਹੂ
7. ਗਰਭਵਤੀ ਕੈਨਵਸ
8. ਜ਼ੀਰੋ ਡਿਗਰੀ
9. ਅਰਥਕ ਕਵਿਤਾ
10. ਚਿਹਰੇ ਤੇ ਉੱਗਿਆ ਜੰਗਲ
11. ਸ਼ੀਸ਼ੇ ਵਿਚਲਾ ਸੂਰਜ
12. ਸਫ਼ਰ 'ਚ ਲਿਬੜੇ ਪੈਰ, ਪੈਰਾਂ 'ਚ ਗੁੰਮ ਸਫ਼ਰ
13. ਲਕੀਰ ਦੀ ਉਮਰ
14. ਰਿਸ਼ਤੇ ਅਰਿਸ਼ਤੇ
15. ਅਸਵੈ-ਕੇਂਦਰਿਤ
16. ਨਕਸ਼-ਦਰ-ਨਕਸ਼
17. ਜਲ-ਰੂਪ
18. ਰੁੱਖਾਂ ਦੇ ਰਿਸ਼ਤੇਂ
19. ਸਿਰ ਚੋਂ ਜਨਮਿਆ ਰੁੱਖ
20. ਮਨੁੱਖ ਵਿਚਲਾ ਮਨੁੱਖ

21. ਗਰਦ ਦੀ ਦੀਵਾਰ
22. ਸ਼ਬਦ ਸੋਚ ਬਰਾਬਰ ਅਰਥ
23. ਸਲੀਬ ਤੇ ਲਟਕਦਾ ਈਸਾ
24. ਪਾਣੀ ਚੋਂ ਉੱਗਿਆ ਪੱਥਰ
25. ਅਗਤੀ ਚੋਂ ਜਨਮੀਂ ਗਤੀ
26. ਦੇਹ ਪਿੱਛੇ ਦੌੜਦੇ ਸਾਏ
27. ਬੌਣੇ ਰੁੱਖ
28. ਬੌਣੇ ਕੱਦ
29. ਪ੍ਰਕਰਮਾ
30. ਤ੍ਰਿਸ਼ਨਾਂ
31. ਤਿੰਨ ਨਿੱਕੀਆਂ ਕਵਿਤਾਵਾਂ
32. ਪ੍ਰਸ਼ਨੋਤਰੀ
33. ਤਰਕ ਵਿਗਿਆਨ
34. ਦਿਸ਼ਾ ਰਹਿਤ
35. ਸਿਫ਼ਰੇ
36. ਤ੍ਰਿਕੋਣਾ ਸੂਰਜ
37. ਲਹੂ 'ਚ ਭਿੱਜੇ ਬੋਲ

# ਆਤਮ-ਬੋਧ ਤੋਂ ਮਾਨਵੀ ਅਸਤਿਤਵ ਵੱਲ ਵਧਦੇ ਕਦਮ

ਚਰਨ ਸਿੰਘ ਦੇ ਦੋ ਕਾਵਿ-ਸੰਗ੍ਰਹਿ ਮੈਂ ਪਹਿਲਾਂ ਵੀ ਪੜ੍ਹ ਚੁੱਕਾ ਹਾਂ, ਉਦੋਂ ਵੀ ਮਹਿਸੂਸ ਕੀਤਾ ਸੀ ਕਿ ਇਹ ਕੋਈ ਆਸਾਧਾਰਣ ਚੇਤਨਾ ਦਾ ਕਵੀ ਹੈ—ਦੇਸ਼ ਤੋਂ ਬਹੁਤ ਦੂਰ ਰਹਿਣ ਦੇ ਬਾਵਜੂਦ ਪੰਜਾਬ, ਭਾਰਤ ਤੇ ਯੋਰਪ ਦੇ ਅਨੁਭਵੀ ਚਿੰਤਨ ਕਾਰਣ ਉਸ ਦੀ ਕਾਵਿ-ਯਾਤਰਾ ਸ਼ੀਮਿਤ-ਘੇਰੇ ਵਿਚੋਂ ਨਿਕਲ ਕੇ ਸਾਰੀ ਵਿਸ਼ਵ-ਵੇਦਨਾ ਅਤੇ ਆਧੁਨਿਕ-ਸੰਦਰਭ ਨੂੰ ਆਪਣੇ ਵਿਚ ਸਮੋਈ ਬੈਠੀ ਹੈ। ਸਾਧਾਰਣ ਮਨੁੱਖ ਵੀ ਜੇ ਸੰਸਾਰ ਦੇ ਕੁਝ ਮੁਲਕ ਘੁੰਮ ਆਵੇ ਤਾਂ ਉਸਦੀ ਸੂਝ ਅਤੇ ਬੋਲ-ਚਾਲ ਵਿਚੋਂ ਡੂੰਘਾ ਚਿੰਤਨ ਬੋਲਦਾ ਹੈ। ਚਰਨ ਸਿੰਘ ਤਾਂ ਪੜ੍ਹਿਆ-ਲਿਖਿਆ, ਅਨੁਭਵੀ, ਸੰਵੇਦਨਸ਼ੀਲ, ਪ੍ਰਵਾਸੀ ਕਵੀ ਹੈ। ਸਾਡੇ ਪ੍ਰਵਾਸੀ ਕਵੀਆਂ ਵਿਚੋਂ ਰਵਿੰਦਰ ਰਵੀ, ਅਜਾਇਬ ਕਮਲ, ਗੁਰਚਰਨ ਰਾਮਪੁਰੀ, ਅਵਤਾਰਜੀਤ ਅਤੇ ਇਕ ਦੋ ਹੋਰਨਾਂ ਨੇ ਬ੍ਰਹਿਮੰਡਕ-ਚੇਤਨਾ ਦੀ ਨਵੀਂ ਲਹਿਰ ਨੂੰ ਜਨਮ ਦਿਤਾ ਹੈ। ਚਰਨ ਸਿੰਘ ਦੇ ਅੰਦਰੋਂ ਇਸੇ ਪ੍ਰਕਾਰ ਦੀ ਸ੍ਵੈ-ਬੋਧ-ਚੇਤਨਾ ਨੇ ਜਨਮ ਲਿਆ ਹੈ ਅਤੇ ਇਸ ਤਰ੍ਹਾਂ ਉਹ, ਉਪਰੋਕਤ ਕਵੀਆਂ ਦੀ ਸਫ਼ ਵਿਚ ਆ ਖਲੋਤਾ ਹੈ—ਜੇ ਇਸੇ ਤਰ੍ਹਾਂ ਪ੍ਰਗਤੀ ਕਰੀ ਗਿਆ ਤਾਂ ਇਸ ਤੋਂ ਵੀ ਵਿਸ਼ਾਲ ਜਗਤ ਉਸ ਦੀ ਉਡੀਕ ਕਰਦਾ ਨਜ਼ਰ ਆਵੇਗਾ।

ਸ਼ੂਨਯ-ਬੋਧ ਅਸਲ ਵਿਚ ਇਕ ਦਾਰਸ਼ਨਿਕ ਸੰਦਰਭ ਹੈ। ਮਨੱਖੀ ਜੀਵਨ ਦੇ ਅੰਕੜਿਆਂ ਦਾ ਵਿਕਾਸ ਜਦੋਂ 9 (ਨੌਂ) ਦੇ ਹਿੰਦਸੇ ਤਕ ਰੁਕ ਗਿਆ ਸੀ ਤਾਂ ਜ਼ੀਰੋ (ਸਿਫ਼ਰ) ਦੀ ਕਾਢ ਨੇ ਧਰਤੀ ਉਤੇ ਇਕ ਨਵੀਂ ਸਮਾਜ-ਵਿਗਿਆਨਕ ਕ੍ਰਾਂਤੀ (Sociological Revolution) ਨੂੰ ਜਨਮ ਦਿਤਾ ਸੀ। ਇਸ ਨੂੰ (Philosophy) ਦੀ ਭਾਸ਼ਾ ਵਿਚ 'ਸ਼ੂਨਯ' ਆਖਿਆ ਜਾਂਦਾ ਹੈ। ਭਾਰਤ ਦੇ ਦਾਰਸ਼ਨਿਕਾਂ ਦੀ ਦਿਬ-ਦ੍ਰਿਸ਼ਟੀ ਨੇ ਬਹੁਤ ਛੇਤੀ ਭਾਂਪ ਲਿਆ ਸੀ—ਧਰਤੀ, ਆਕਾਸ਼, ਪੁਲਾੜ ਸਾਰੇ ਹੀ ਪਸਾਰ ਦੀ ਬੁਨਿਆਦ ਇਕ ਸ਼ੂਨਯ ਹੀ ਹੈ। ਇਸ ਸ਼ੂਨਯ ਤੋਂ ਹੀ ਪ੍ਰਭੂ ਦਾ ਸੰਕਲਪ ਪੈਦਾ ਹੋਇਆ। ਜਿਥੇ ਭਾਰਤੀ ਦਾਰਸ਼ਨਿਕਾਂ ਨੇ ਮਨੁੱਖ ਦੀ ਹਸਤੀ ਨੂੰ 'ਸ਼ੂਨਯ' ਆਖ ਕੇ ਨਿਕਾਰਿਆ, ਉਥੇ ਪਦਾਰਥਵਾਦੀ ਚਿੰਤਕਾਂ ਨੇ ਮਨੁੱਖ ਨੂੰ ਸ਼ੂਨਯਤਾ ਤੋਂ ਜ਼ਿੰਦਗੀ ਦੇ ਯਥਾਰਥ ਨੂੰ ਸਮਝਣ ਅਤੇ ਹਰ ਸਮੇਂ ਹੁੰਦੇ ਮਨੁੱਖੀ ਵਿਕਾਸ ਦੇ ਸੰਕਲਪ ਦੀ ਸੂਝ ਦਿਤੀ ਹੈ ਅਤੇ ਇਸ ਸੂਝ ਨੂੰ 'ਪਰਿ ਤੇ ਪਰਿ' ਬਣਾ ਦਿਤਾ ਹੈ। ਚਰਨ ਸਿੰਘ ਸਥਾਪਤ ਅਰਥਾਂ ਦਾ ਖੰਡਨ ਕਰਦਾ ਜਾਪਦਾ ਹੈ। ਭਾਸ਼ਾ ਵਿਗਿਆਨ ਵਿਚ ਅਰਥ-ਬੋਧ (Semantics) ਦੀ ਸ਼ਾਖਾ ਸਾਨੂੰ ਇਹ ਦੱਸਦੀ ਹੈ ਕਿ ਇਹ ਅਰਥ 'ਆਪਤ

ਅਰਥ' ਹਨ, ਅਰਥਾਤ ਜਿਵੇਂ ਸਾਨੂੰ ਦੱਸਿਆ ਜਾਂਦਾ ਰਿਹਾ ਹੈ, ਉਵੇਂ ਹੀ ਅਸੀਂ ਵੀ ਸਮਝਾਂਗੇ ਅਤੇ ਅਗਲੀ ਪੀੜ੍ਹੀ ਨੂੰ ਵੀ ਇਹੀ ਦੱਸਾਂਗੇ। ਪਰ ਇਤਿਹਾਸਕ, ਮਿਥਿਹਾਸਕ, ਕ੍ਰਾਂਤਿਕ ਅਤੇ ਸਮਾਜ-ਸ਼ਾਸਤਰ ਦੇ ਹਰ ਪਲ ਵਿਕਸਿਤ ਹੁੰਦੇ ਪ੍ਰਸੰਗ ਵਿਚ ਅਰਥ-ਪਰਿਵਰਤਨ ਦਾ ਹੋਣਾ ਅਨਿਵਾਰੀ ਹੈ। ਚਰਨ ਸਿੰਘ ਨੇ ਇਸ ਡੂੰਘੇ ਦਰਸ਼ਨ ਅਤੇ ਸੀਮੈਂਟਿਕ ਭਾਵ ਨੂੰ ਹੇਠ ਲਿਖੀਆਂ ਪੰਗਤੀਆਂ ਵਿਚ ਪ੍ਰਗਟਾਇਆ ਹੈ :

ਤੂੰ ਜੋ ਰੇਖਾ ਖਿੱਚ ਗਿਆ ਸੈਂ
ਗਤੀ-ਹੀਣ ਹੋ ਗਈ ਹੈ
ਤੂੰ ਜੋ ਦਾਇਰੇ ਵਾਹ ਗਿਆ ਸੈਂ
ਸੁੰਗੜਦੇ ਹੀ ਸੁੰਗੜਦੇ
ਬੇਅਰਥ ਬਿੰਦੂ ਬਣ ਗਏ ਹਨ

ਮੈਂ ਨਜ਼ਰ 'ਚੋਂ ਨਿਚੋੜ ਕੇ
ਸਿਰਫ਼ ਤੱਕਣ ਦਾ ਕਸਬ
ਨਜ਼ਰ ਨੂੰ ਸੋਚ ਕੇ ਤੱਕਣ ਲਈ
ਆਦਤਨ ਰਾਹਾਂ ਤੋਂ ਵੱਖਰੇ
ਸਿਰਜਕ ਰਾਹਾਂ ਤੇ ਸੁੱਕਣੇ ਪਾ ਦਿੱਤਾ ਹੈ
ਤੇ ਸਾਰਾ ਜਿਸਮ ਆਪਣਾ
ਦੁਬਾਰਾ ਪਿੰਜ ਕੇ ਕੱਤਿਐ
ਕਿ ਬਿੰਦੂ ਫੈਲ ਕੇ ਦਾਇਰਾ ਬਣੇ
ਨਾ ਕਿ ਦਾਇਰਾ ਸੁੰਗੜ ਕੇ
ਅਰਥ-ਹੀਣ ਬਿੰਦੂ ਬਣੇ

ਭੁਲੇਖਾ ਹੈ
ਜੀਵਨ-ਪ੍ਰਿਜ਼ਮ 'ਚੋਂ
ਹਰ ਕਿਰਨ ਨੱਬੇ ਦੇ ਐਂਗਲ ਤੋਂ ਮੁੜੇ
ਜ਼ੀਰੋ ਡਿਗਰੀ ਤੋਂ ਵੀ ਮੁੜ ਸਕਦੀ ਹੈ
ਤੇ ਮੁੜਦੀ ਹੈ
ਗੱਲ ਤਾਂ ਸਿਰਫ਼
A ਦੀ ਥਾਂ Z
ਤੇ Z ਦੀ ਥਾਂ A ਲਿਖਣ ਦੀ ਹੈ

ਧੁੱਪ 'ਚੋਂ ਛਾਂ ਮਾਨਣ ਦੀ
ਛਾਂ ਚੋਂ ਧੁੱਪ ਸੇਕਣ ਦੀ
ਪਹਿਨ ਕੇ ਕੱਚ ਦਾ ਜੁੱਸਾ
ਭੁਰਿਆ ਸੱਚ ਵੇਖਣ ਦੀ

[ਦਾਇਰੇ ਦਾ ਖੇਤਰਫਲ]

ਇਕ ਹੋਰ ਕਵਿਤਾ ਦੇ ਮੁੱਢਲੇ ਬੋਲ ਹਨ :

ਵਰ੍ਹਿਆਂ ਦੇ ਗਜ਼ਾਂ ਨਾਲ ਨਾਪਦੇ ਹੋ
ਚਾਨਣ ਦੀ ਉਮਰ
ਸ਼ਬਦਾਂ ਦੇ ਤਰਾਜ਼ੂ 'ਚ ਤੋਲਦੇ ਹੋ
ਅਰਥਾਂ ਦਾ ਭਾਰ

[ਅਸ਼ਬਦ]

ਅਸੀਂ ਇਕ ਅਜਿਹੇ ਸੰਕ੍ਰਾਂਤੀ ਕਾਲ ਵਿਚੋਂ ਲੰਘ ਰਹੇ ਹਾਂ ਜਿਸ ਵਿਚ ਨਾ ਤੇ ਪੁਰਾਣੇ ਅਰਥ ਸਥਿਰ ਹਨ ਅਤੇ ਨਾ ਹੀ ਨਵੇਂ ਅਰਥਾਂ ਨੇ ਕੋਈ ਪ੍ਰੌੜ ਅਸਤਿਤਵ ਕਾਇਮ ਕੀਤਾ ਹੈ। ਇਹ ਤ੍ਰਾਸਦੀ ਸਾਡੇ ਨਾਲ ਤਾਂ ਘੱਟ ਵਾਪਰ ਰਹੀ ਹੈ, ਪ੍ਰਵਾਸੀ ਲੇਖਕਾਂ ਦੀ ਹੋਂਦ ਲਈ ਇਹ ਸੋਚ ਇਕ ਵਬਾਲ ਬਣ ਗਈ ਹੈ। ਉਂਜ ਤਾਂ ਅਸੀਂ ਪਲ-ਪਲ, ਖੰਡ-ਖੰਡ ਹੋ ਰਹੇ ਹਾਂ। ਸਾਰਾ ਬ੍ਰਹਿਮੰਡ ਹੀ 'ਸੰਯੋਗ ਵਿਜੋਗ' ਦੀ ਵਿਗਿਆਨਕ ਪ੍ਰਕ੍ਰਿਆ ਵਿਚੋਂ ਹਰ ਸਮੇਂ ਲੰਘਦਾ ਹੈ ਪਰ ਉਹ ਵਿਅਕਤੀ ਜਿਸਦਾ ਬਚਪਨ ਤੇ ਕੁਮਾਰ-ਅਵਸਥਾ ਕਿਸੇ ਹੋਰ ਦੇਸ਼ ਅਤੇ ਮਧਕਾਲੀ ਪ੍ਰਸਥਿਤੀਆਂ ਵਿਚੋਂ ਲੰਘਿਆ ਹੋਵੇ, ਉਸ ਲਈ ਯੋਰਪ ਦੀ ਦੁਨੀਆਂ ਵਿਚ ਵਿਸਮਯ ਹੋ ਕੇ ਆਪਣੇ ਆਪ ਤੋਂ ਟੁੱਟਣਾ ਬਹੁਤ ਕੁਦਰਤੀ ਹੈ, ਚਰਨ ਸਿੰਘ ਇਸ ਮਾਨਸਿਕ ਸਥਿਤੀ ਨੂੰ ਬਗੈਰ ਪ੍ਰਸੰਗ ਦੱਸਿਆਂ ਇੰਜ ਚਿੱਤ੍ਰਦਾ ਹੈ :

ਮੈਂ ਖਿੰਡ ਗਿਆ ਹਾਂ
ਆਪਣੀ ਵਾਸਤਵਿਕਤਾ ਤੇ ਮਾਨਸਿਕਤਾ ਵਿਚਕਾਰ
ਉਮਰ ਦੀ ਲਾਂ 'ਤੇ ਲਟਕ ਰਿਹਾ ਹੈ
ਮੇਰਾ ਪੁਰਜ਼ਈ ਜਿਸਮ
ਸੂਰਜ ਦੀ ਅੱਖ 'ਚ
ਹਵਾ ਸੰਗ ਖੜਕ ਰਿਹਾ ਹੈ
ਮੇਰੀ ਆਤਮਾ ਦਾ ਤੱਤ
ਜ਼ਿਮੀਂ ਤੇ ਤੁਪਕਾ-ਰੂਪ 'ਚ ਪਏ ਹਨ
ਜਿਸਮ 'ਚੋਂ ਨੁਚੜੇ ਨਕਸ਼
ਸ਼ੀਸ਼ਾ ਵੀ ਹੈ

ਮੈਂ ਵੀ ਹਾਂ
ਪਰ ਗੁੰਮ ਹੈ
ਦੋਹਾਂ 'ਚੋਂ ਹੀ
ਦੋਹਾਂ ਦਾ ਅਕਸ

[ਜ਼ੀਰੋ-ਡਿਗਰੀ]

ਹੋਂਦ (Being) ਅਤੇ ਅਸਤਿਤਵ (Existence) ਬਹੁਤ ਨੇੜੇ-ਨੇੜੇ ਜਾਪਦੇ ਹਨ, ਪਰ ਇਨ੍ਹਾਂ ਵਿਚਾਲੇ ਦਾਰਸ਼ਨਿਕ ਪੱਖ ਤੋਂ ਢੇਰ ਅੰਤਰ ਹੈ। ਹੋਂਦ ਕੀੜੀ ਤੋਂ ਲੈ ਕੇ ਹਾਥੀ ਤਕ ਦੀ ਹੈ, ਪਰ ਅਸਤਿਤ੍ਵਵਾਦੀ ਪਛਾਣ ਤੇ ਸਥਾਪਨਾ ਕਰ ਸਕਣਾ ਹੀ ਸਹੀ-ਅਰਥਾਂ ਵਿਚ ਅਸਤਿਤ੍ਵਵਾਦ ਹੈ, ਭਾਵੇਂ ਜ਼ਾਹਰਾ ਤੌਰ ਤੇ ਅਤੇ ਆਮ ਆਲੋਚਕਾਂ ਦੀ ਦ੍ਰਿਸ਼ਟੀ ਵਿਚ ਅਸਤਿਤ੍ਵਵਾਦ ਨਿਜਵਾਦੀ ਧਾਰਨਾ ਹੈ, ਜਿਸ ਵਿਚ ਇਕ ਵਿਅਕਤੀ ਆਪਣੇ ਅਸਤਿਤਵ ਦੀ ਪਛਾਣ ਤੇ ਸਥਾਪਨਾ ਲਈ ਹੀ ਤੜਪਦਾ ਹੈ। ਇਹ ਤੜਪ ਇਸ ਵੇਲੇ ਸਾਰੇ ਸੰਸਾਰ ਦੇ ਮਨੁੱਖਾਂ ਦੀ ਹੈ। ਪ੍ਰਕ੍ਰਿਤੀ ਦੀ ਖੋਜ ਤੋਂ ਵਿਗਿਆਨ, ਵਿਗਿਆਨ ਤੋਂ ਅਨੰਤਤਾ ਵਲ ਜਾਂਦੀ ਸਾਡੀ ਦ੍ਰਿਸ਼ਟੀ ਵਿਚ ਸਾਡੀ ਆਪਣੀ (ਅਰਥਾਤ ਮਨੁੱਖ ਮਾਤਰ ਦੀ) ਹੋਂਦ ਦਾ ਕੀ ਮਹੱਤਵ ਹੈ। ਇਕ ਬਿੰਦੂ ਦਾ ਇਕ ਅਰਬਵਾਂ ਹਿੱਸਾ ਨਹੀਂ ਮਿਥੀ ਜਾ ਸਕਦੀ ਪਰ ਜਦੋਂ ਸਾਡੀ ਹੋਂਦ ਅਸਤਿਤਵ ਦੀ ਸਥਾਪਨਾ ਵਲ ਤੁਰਦੀ ਹੈ ਤਾਂ ਸੰਸਾਰ ਦਾ ਪ੍ਰਤਭਾਸ਼ਾਲੀ ਮਨੁੱਖ ਪੈਦਾ ਹੁੰਦੇ ਹਨ। ਚਰਨ ਸਿੰਘ ਭਾਵੇਂ ਸੰਸਾਰ ਦਾ ਪ੍ਰਤਭਾਸ਼ਾਲੀ ਵਿਅਕਤੀ ਤਾਂ ਨਹੀਂ ਆਖਿਆ ਜਾ ਸਕਦਾ, ਪਰ ਉਹ ਆਪਣੇ ਅਸਤਿਤਵ ਬਾਰੇ ਚਿੰਤਾਤੁਰ ਬਹੁਤ ਹੈ। ਉਸਦੀ ਹਰ ਨੰਜ਼ਮ ਵਿਚ ਉਸ ਦੇ 'ਮੈਂ' ਦਾ ਕੋਈ ਅਣੂ ਹੈ, ਉਸ ਦਾ ਅਹਮ ਲੂੱਛ ਰਿਹਾ ਹੈ, ਕੁਝ ਬਣਨ ਲਈ ਤੜਪ ਰਿਹਾ ਹੈ। ਉਹ ਨਿਹਕਰਮੀ ਨਹੀਂ, ਸਗੋਂ ਵਡਕਰਮੀ ਹੈ। ਅੱਜ ਜੇ ਅਸੀਂ ਯੋਰਪ ਦੀ ਮੈਕਾਨਕੀ ਜ਼ਿੰਦਗੀ ਵਿਚ ਰਹਿੰਦੇ ਹੋਏ ਵੀ, ਮਾਂ-ਬੋਲੀ ਵਿਚ ਲਿਖ ਕੇ ਬ੍ਰਹਿਮੰਡਕ ਮਨੁੱਖ ਦੀ ਗਵਾਚੀ ਹਸਤੀ ਬਾਰੇ ਸੋਚਦੇਂ ਹਾਂ ਤਾਂ ਇਹ ਬਹੁਤ ਵੱਡੀ ਸੂਝ ਹੈ, ਅਤੇ ਉਸ ਨੇ ਸੁਚੇਤ ਹੋ ਕੇ ਹੀ ਆਪਣੀ ਪੁਸਤਕ ਦਾ ਨਾਮ 'ਸ਼ੂਨਯ-ਬੋਧ' ਰਖਿਆ ਹੈ।

ਉਹ ਲਿਖਦਾ ਹੈ :

ਮੈਂ ਰੂਹ ਤੋਂ
ਜਿਸਮੀਂ ਬਸਤਰ ਉਤਾਰਨ ਨਹੀਂ ਤੁਰਿਆ
ਸਗੋਂ ਰੂਹ ਨੂੰ
ਆਪਣੇ ਹੱਥੀਂ ਸਿਰਜੀ ਦੇਹ 'ਚ ਰਿਹਾਇਸ਼ਨ ਲਈ
ਸਿਰ ਭਾਰ ਖੜ੍ਹਾ ਹਾਂ

ਤਾਰਿਆਂ ਦੀ ਸੇਧੇ ਨਹੀਂ
ਤਾਰਿਆਂ ਨੂੰ ਆਪਣੀ ਸੇਧੇ ਤੋਰਨ ਲਈ ਉਤਾਵਲਾ ਹਾਂ
ਤੇ ਮੁੜ੍ਹਕੇ ਦਾ ਹੜ੍ਹ ਬਣ
ਆਪਣਾ ਰਾਹ
ਲਹੂ-ਮਾਸ ਦੀਆਂ ਚੱਟਾਨਾਂ 'ਚੋਂ ਚਾਹੁੰਦਾ ਹਾਂ ਰਹਬਨਾ
ਚਾਹੁੰਦਾ ਹਾਂ
ਮਾਂ ਦੀ ਫਟੀ ਸਲਵਾਰ ਤੇ ਟਾਕੀ ਬਣ ਚਿਪਕਣਾ
ਨਿੱਸਰੀ ਕਣਕ ਦਾ ਨਸ਼ਾ ਹੋ
ਉਨਾਭੀ ਡੋਰਾ ਬਣ ਖਿੱਚਿਆ ਜਾਣਾ
ਬਾਪੂ ਦੀਆਂ ਅੱਥਰੀਆਂ ਕਰਜ਼ਾਈ ਅੱਖਾਂ 'ਚ

ਤਲਵਾਰ ਦੀ ਧਾਰ 'ਤੇ
ਲਹੂ ਦੀ ਬੂੰਦ 'ਚੋਂ ਸੂਰਜ ਉੱਗਾ
ਕਮਜ਼ਰਫ਼ੀ ਦੇ ਜੰਗਲ 'ਚ ਚਾਹੁੰਦਾ ਹਾਂ ਗੂੰਜਣਾ
ਹਵਾ ਦੇ ਸ਼ੂਕਣ ਨੂੰ
ਪੱਤਿਆਂ ਦੀ ਹਰਕਤ ਨੂੰ
ਰੁੱਖਾਂ ਦੀ ਚੀਖ਼ਣ ਨੂੰ
ਵਾਦੀ ਤੋਂ ਅਵਾਦੀ 'ਚ ਬਦਲਣ ਲਈ
ਸੁਲਗ ਰਿਹਾ ਹਾਂ
ਅਮੈਂ ਦੀ ਕੁੱਖ 'ਚ
ਅਰਥ ਹੋ ਜੰਮਣ ਲਈ

[ਸਫ਼ਰ 'ਚ ਲਿਬੜੇ ਪੈਰ, ਪੈਰਾਂ 'ਚ ਗੁੰਮ ਸਫ਼ਰ]

ਅਜਿਹੀਆਂ ਸ਼ਕਤੀਸ਼ਾਲੀ ਪੰਗਤੀਆਂ ਪੜ੍ਹ ਕੇ ਹਰ ਬੌਧਿਕ ਤੇ ਕਰਮਸ਼ੀਲ ਪਾਠਕ ਤੇ ਚਿੰਤਕ ਥੱਰਰਾ ਜਾਵੇਗਾ। ਇੰਜ ਮਹਿਸੂਸ ਹੁੰਦਾ ਹੈ ਜਿਵੇਂ ਉਹ ਤੁਹਾਡੇ ਸਾਹਮਣੇ ਖੜ੍ਹਾ ਲਲਕਾਰ ਰਿਹਾ ਹੈ। ਖੁੱਲ੍ਹੀ ਕਵਿਤਾ ਵਿਚ ਇਹੋ ਜਿਹੀ ਬਲਵਾਨ ਪ੍ਰੇਰਣਾ ਘੱਟ ਹੀ ਵੇਖਣ ਵਿਚ ਆਉਂਦੀ ਹੈ।

ਉਹ ਕੋਈ ਨਵਾਂ ਆਗਮਨ ਨਹੀਂ ਜਿਸਨੂੰ ਮੈਂ 'ਜੀ-ਆਇਆਂ' ਆਖਾਂ, ਸਗੋਂ ਇਹ ਸਵੀਕਾਰ ਕਰਨ ਵਿਚ ਗੌਰਵ ਮਹਿਸੂਸ ਕਰਦਾ ਹਾਂ ਕਿ ਉਸਦੀ ਕਵਿਤਾ ਨੇ ਮੇਰੇ ਅਸਤਿਤਵ ਨੂੰ ਇਕ ਤਕੜਾ ਹਲੂਣਾ ਦਿਤਾ ਹੈ।

ਹੈੱਡ : ਪੋਸਟ-ਗ੍ਰੈਜੂਏਟ ਪੰਜਾਬੀ ਵਿਭਾਗ **-ਕੁਲਬੀਰ ਸਿੰਘ ਕਾਂਗ** (ਡਾ.)
ਗੌ. ਬ੍ਰਿਜਿੰਦਰਾ ਕਾਲਿਜ, ਫਰੀਕੋਟ

# ਸਿਰਜਣਾ ਤੇ ਬੋਧ ਦਾ ਸੁਮੇਲ

ਚਰਨ ਸਿੰਘ ਦੁਆਰਾ ਰਚਿਤ ਕਵਿ-ਸੰਗ੍ਰਹਿ 'ਸ਼ੂਨਯ-ਬੋਧ" ਮਾਨਵੀ ਅਸਤਿਤਵ ਚੋਂ ਉਪਜਣ ਵਾਲੀਆਂ ਸੰਭਾਵਨਾਵਾਂ ਦੀ ਪੇਸ਼ਕਾਰੀ ਕਰਦਾ ਹੈ। ਇਸ ਕਾਵਿ ਵਿਚ ਮਾਨਵੀ ਅਸਤਿਤਵ ਚੋਂ ਉਪਜਣ ਵਾਲੀ ਪਹਿਲੀ ਤੇ ਅਹਿਮ ਸੰਭਾਵਨਾ ਪ੍ਰਸ਼ਨਾਂ ਦੇ ਪੈਦਾ ਹੋਣ ਦੀ ਹੈ। ਮਧ-ਕਾਲੀਨ ਮਨੁੱਖ ਅਧਿਆਤਮਵਾਦੀ ਸੰਸਾਰ ਵਿਚ ਜਿਉਂਦਾ ਸੀ। ਉਸ ਕੋਲ ਕੁੱਝ ਪ੍ਰਸ਼ਨ ਸਨ, ਜਿਨ੍ਹਾਂ ਦੇ ਬਣੇ ਬਣਾਏ ਅਧਿਆਤਮਕ ਉੱਤਰ ਸਨ। ਅੱਜ ਦਾ ਮਨੁੱਖ ਕਈ ਪ੍ਰਸ਼ਨਾਂ ਦੇ ਸਨਮੁੱਖ ਖੜ੍ਹਾ ਹੈ। ਜਿਨ੍ਹਾਂ ਦਾ ਨਿਸਚਿਤ ਉਤਰ ਕੋਈ ਨਹੀਂ। ਨਿਸਚਿਤ ਉਤਰ ਨਾ ਹੋਣ ਕਾਰਨ ਜਿੱਥੇ ਉਹ ਸ਼ਬਦਾਂ ਦੇ ਨਿਸਚਿਤ ਅਰਥਾਂ ਤੋਂ ਪਾਰ ਹੋ ਜਾਂਦਾ ਹੈ। ਉੱਥੇ ਕਈ ਵਾਰੀ ਭਾਸ਼ਾਈ ਸੀਮਾ ਤੋ ਪਾਰ ਕਿਸੇ ਐਸੇ ਸੰਸਾਰ ਵਿਚ ਪਹੁੰਚ ਜਾਂਦਾ ਹੈ ਜਿੱਥੇ ਕੋਈ ਨੁਹਾਰ ਸਪੱਸ਼ਟ ਨਹੀਂ। ਇਕ ਨੁਹਾਰ ਚੋਂ ਬਹੁਪਰਤੀ ਨੁਹਾਰਾਂ ਦੇ ਝਾਂਵਲੇ ਪੈਂਦੇ ਹਨ। ਭਾਸ਼ਾ ਅਰਥ ਮਨੁੱਖ ਦਾ ਸਾਥ ਛੱਡ ਜਾਂਦੇ ਹਨ। ਪਾਠਕੀ-ਮਨ ਵਿਚ ਗੁੰਝਲਾਂ ਜਨਮ ਲੈਂਦੀਆਂ ਹਨ ਤੇ ਹਰ ਗੁੰਝਲ ਆਪਣਾ ਨਵਾਂ ਅਰਥ ਲੈ ਕੇ ਆਉਂਦੀ ਹੈ। ਸਗੋਂ ਕਈ ਹੋਰ ਗੁੰਝਲਾਂ, ਪ੍ਰਸ਼ਨਾਂ ਨੂੰ ਜਨਮ ਦੇ ਜਾਂਦੀ ਹੈ।

ਜ਼ਿੰਦਗੀ ਦੇ ਬੁੱਲ੍ਹੀਂ ਤੇ ਅੱਖੀਂ
ਪ੍ਰਸ਼ਨ ਚਿੰਨਾਂ ਦੀ ਸੂਲਾਂ ਵਰਗੀ
ਫ਼ਸਲ ਜਿਹੀ ਇਕ ਉੱਗ ਪਈ ਹੈ
ਭਾਸ਼ਾ ਆਪਣਾ ਜਿਸਮ ਉਤਾਰ
ਪਾਣੀ ਹੋਏ ਲੋਹੇ ਵਾਂਗੂੰ
ਸ਼ਬਦਾਂ ਤੇ ਅਰਥਾਂ ਦੇ
ਸਿਰ ਤੋਂ ਵਗ ਰਹੀ ਹੈ

[ਸ਼ੂਨਯ-ਬੋਧ]

ਕਵਿਤਾ ਵਿਚ ਪ੍ਰਸ਼ਨੋਤਰੀ ਦਾ ਸਿਲਸਿਲਾ ਇਸ ਤਰ੍ਹਾਂ ਤੁਰਦਾ ਹੈ ਕਿ ਉਤਰ ਵੀ ਅੱਗੋਂ ਕਈ ਹੋਰ ਪ੍ਰਸ਼ਨਾਂ ਨੂੰ ਜਨਮ ਦਿੰਦਾ ਹੈ। ਮਿਸਾਲ ਦੇ ਤੌਰ ਤੇ ਇਸ ਸੰਗ੍ਰਹਿ ਦੀ ਕਵਿਤਾ 'ਪ੍ਰਸ਼ਨੋਤਰੀ' ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਸ ਕਵਿਤਾ ਵਿਚ ਉੱਤਰ ਖਾਮੋਸ਼ੀ ਰਾਹੀਂ ਨਵੇਂ ਪ੍ਰਸ਼ਨਾਂ ਨੂੰ ਜਨਮ ਦਿੰਦੇ ਹਨ। 'ਚੁੱਪ', 'ਚੀਕ', 'ਦਵੰਦ' ਐਸੇ ਸ਼ਬਦ ਹਨ ਜੋ ਖਾਮੋਸ਼ੀ ਦੀ ਪੱਧਰ ਉਪਰ ਵਿਚਰਦੇ ਅਤੇ ਭਾਸ਼ਾ ਤੋਂ ਪਰੇ ਬਹੁ-ਦਿਸ਼ਾਵੀ ਅਰਥਾਂ ਵੱਲ ਸੰਕੇਤ ਕਰਨ ਵਾਲੇ ਉਤਰ ਜਨਮਦੇ। ਕਈ ਥਾਵਾਂ ਉੱਪਰ ਕਵੀ ਨੇ ਪ੍ਰਸ਼ਨ ਉੱਪਰ ਹੀ ਕਵਿਤਾ

ਖਤਮ ਕੀਤੀ ਹੈ। ਮਿਸਾਲ ਵਜੋਂ :-

ਆਪਣੇ ਆਪ ਤੇ ਪੈਰ ਟਿਕਾ ਕੇ
ਕਿੰਝ ਲੰਘ ਜਾਈਏ
ਕਿੰਝ ਸ਼ਹੁ ਪਾਈਏ
ਬੁੱਧੀ ਦਾ ਜੀਭਾ ਤੇ
ਮਨ ਦਾ ਛਾਲਾ ਹੈ

ਪ੍ਰਸ਼ਨਾਂ ਦਾ ਉੱਤਰ ਲੱਭਦੀ ਪ੍ਰਸ਼ਨਾਂ ਨੂੰ ਜਨਮ ਦੇਣ ਵਾਲੀ ਇਹ ਕਵਿਤਾ ਖੁੱਲ੍ਹ-ਖੁੱਲੇ ਸੰਸਾਰ ਦੀ ਕਵਿਤਾ ਕਹੀ ਜਾ ਸਕਦੀ ਹੈ।

ਚਰਨ ਸਿੰਘ ਦੇ ਕ਼ਾਵਿ ਵਿਚ ਮਾਨਵੀ ਅਸਤਿਤਵ ਵਿਚੋਂ ਉਪਜਣ ਵਾਲੀ ਦੂਜੀ ਸੰਭਾਵਨਾ ਆਧੁਨਿਕ ਮਨੁੱਖ ਦੀ ਵਿਰੋਧਭਾਸ਼ੀ ਸਥਿਤੀ ਜਿਊਣ ਦੀ ਹੈ। ਇਹ ਵਿਰੋਧਭਾਸ਼ 'ਸੂਝ' ਅਤੇ 'ਦੇਹ' 'ਸੋਚ' ਅਤੇ 'ਸੱਚ' ਮਾਨਸਿਕਤਾ ਵਿਚਕਾਰ ਹੈ। ਇਸ ਵਿਰੋਧਭਾਸ਼ ਪ੍ਰਤੀ ਸ਼ਾਇਰ ਸੁਚੇਤ ਹੈ। ਭਾਸ਼ਾ ਦੇ ਸੀਮਤ ਹੋਣ ਰੂਹ ਨੂੰ ਪਕੜ ਸਕਣ ਤੋਂ ਅਸਮਰਥ ਹੋਣ ਵਾਲੇ ਭਾਸ਼ਾ-ਵਿਗਿਆਨ ਅਤੇ ਕਾਵਿ-ਵਿਗਿਆਨਕ ਨੁਕਤੇ ਪ੍ਰਤੀ ਵੀ ਕਵੀ ਸੁਚੇਤ ਹੈ। 'ਪ੍ਰਿਜ਼ਮ' ਅਤੇ ਜੀਵਨ-ਪ੍ਰਿਜ਼ਮ ਵਿਚਾਲੇ ਸਿਧਾਂਤਕ ਅਤੇ ਵਿਹਾਰਕ ਨੁਕਤਿਆਂ ਦੇ ਨਿਖੇੜੇ ਪ੍ਰਤੀ ਕਵੀ ਦੀ ਦ੍ਰਿਸ਼ਟੀ ਸਾਫ਼ ਨਜ਼ਰ ਆਉਂਦੀ ਹੈ। ਇਸੇ ਸੰਦਰਭ ਵਿਚ ਹੀ 'ਸਮੀਖਿਆ' ਅਤੇ ਸਿਰਜਣਾ ਵਿਚਾਲੇ ਅੰਤਰ ਨੂੰ ਵੀ ਸਮਝਿਆ ਜਾ ਸਕਦਾ ਹੈ। ਇਉਂ ਸਿਧਾਂਤਕ ਨੁਕਤਿਆਂ ਨਾਲ ਦੋ-ਚਾਰ ਹੋਣ ਵਾਲੀ ਚਰਨ ਸਿੰਘ ਦੀ ਕਵਿਤਾ ਸਿਰਜਣਾ ਦੇ ਮਹੱਤਵ ਨੂੰ ਅੱਖੋਂ ਪਰੋਖੇ ਨਹੀਂ ਕਰਦੀ। ਉਹ ਸਮੇਂ ਦੇ ਨਾਲ ਵਾਪਰਨ ਵਾਲੀ ਤਬਦੀਲੀ ਪ੍ਰਤੀ ਸੁਚੇਤ ਹੈ। ਇਸ ਵਿਚਾਰ ਨੂੰ ਚਿੰਤਨ ਦੇ ਪੱਧਰ ਤੇ ਇਉਂ ਪੇਸ਼ ਕਰਦੀ ਹੈ :-

ਤਮਾਮ ਬਨਸਪਤੀ
ਲਹੂ-ਮਾਸ ਦੀ ਸਿਰਜਣਾਤਮਕ
ਕਿਰਿਆ ਤੋਂ
ਪਲਾਸਟਿਕ-ਬਨਸਪਤੀ 'ਚ
ਰੂਪਾਂਤਰ ਹੋ ਗਈ ਹੈ
ਤੇ ਅਰਸਤੂ ਦਾ ਕਾਵਿ-ਸ਼ਾਸਤਰ
ਅਜੋਕੇ ਵਿਗਿਆਨਕ ਅਨੁਭਵ ਤੋਂ
ਬਹੁਤ ਪਿੱਛੇ ਰਹਿ ਗਿਆ ਹੈ

ਅਹਿਸਾਸ ਦੇ ਗੁਆਚਣ ਅਤੇ ਮਸ਼ੀਨੀ ਪੱਧਰ ਉੱਪਰ ਜ਼ਿਉਣ ਵਾਲਾ ਅਰਧ-ਪਲਾਸਟਿਕ ਲਹੂ-ਮਾਸ ਦਾ ਅਜੋਕਾ ਮਨੁੱਖ ਵੀ ਇਸ ਕਾਵਿ ਵਿਚ ਪੇਸ਼ ਹੋਇਆ ਹੈ। ਸ਼ਾਇਦ ਇਹੀ ਕਾਰਨ ਹੈ ਕਿ ਸ਼ੂਨਯ-ਬੋਧ ਦੀਆਂ ਅਖੀਰਲੀਆਂ

ਨੌਂ ਕਵਿਤਾਵਾਂ ਮਨੁੱਖ ਦੇ ਵਹਿਸ਼ੀਪਣ ਸੱਤਾਂ ਦੀਆਂ ਰਾਜਨੀਤਕ ਚਾਲਾਂ ਵਿਚੋਂ ਉਪਜੇ ਪੰਜਾਬ ਦੀ ਤਸਵੀਰ ਨੂੰ ਪੇਸ਼ ਕਰਦੀਆਂ ਹਨ। ਇਨ੍ਹਾਂ ਕਵਿਤਾਵਾਂ ਵਿਚ ਚਰਨ ਸਿੰਘ ਦੀ ਦ੍ਰਿਸ਼ਟੀ ਮਾਨਵੀ ਹੈ। ਇਸ ਵਸਤੂ ਸਮੱਗਰੀ ਨਾਲ ਸੰਬੰਧਤ ਹਾਲੇ ਤਕ ਜਿੰਨੀਆਂ ਵੀ ਕਵਿਤਾਵਾਂ ਲਿਖੀਆਂ ਗਈਆਂ ਹਨ ਉਹਨਾਂ ਵਿਚ ਕਵੀਆਂ ਦੀ ਦ੍ਰਿਸ਼ਟੀ ਆਤਮ-ਮੁਖੀ ਰਹੀ ਹੈ। ਇਸ ਕਾਵਿ ਵਿਚ ਵੀ ਆਤਮ-ਮੁਖੀ (ਸਬਜੈਕਟਿਕ) ਦ੍ਰਿਸ਼ਟੀ ਦਾ ਸੰਕੇਤ ਮਿਲਦਾ ਹੈ। ਇਸ ਤੋਂ ਵੱਖਰੀਆਂ ਕਵਿਤਾਵਾਂ ਆਧੁਨਿਕ ਮਨੁੱਖ ਦੀ ਸਮੱਸਿਆ ਨਾਲ ਸੰਬੰਧਤ ਹਨ।

ਪਰਵਾਸੀ ਜੀਵਨ ਜਿਉ ਰਿਹਾ ਇਹ ਸ਼ਾਇਰ ਕਵਿਤਾਵਾਂ ਵਿਚ ਪ੍ਰਵਾਸ ਦੀ ਭਾਵੁਕ ਸਥਿਤੀ ਤੋਂ ਉੱਪਰ ਉੱਠਕੇ ਆਪਣੇ ਆਲੇ-ਦੁਆਲੇ ਨਾਲ ਸ਼ਮੂਲੀਅਤ ਦਾ ਰਿਸ਼ਤਾ ਗੰਢ ਮਨੁੱਖ ਅਤੇ ਵਰਤਮਾਨ ਦੇ ਆਪਸੀ ਰਿਸ਼ਤੇ ਵਿਚੋਂ ਉਪਜੇ ਮਾਹੌਲ ਦੀ ਸਿਰਜਣਾ ਕਰਦਾ ਪ੍ਰਤੀਤ ਹੁੰਦਾ ਹੈ। ਇਸ ਸਿਰਜਣਾ ਵਿਚ ਬੋਧ ਸ਼ਾਮਲ ਹੈ ਅਤੇ ਇਹੀ ਇਸ ਕਾਵਿ ਦੀ ਪ੍ਰਾਪਤੀ ਹੈ।

ਚਰਨ ਸਿੰਘ ਦੀ ਕਵਿਤਾ ਚੇਤਨਾ ਦੇ ਪੱਧਰ ਤੇ ਅਨੁਭਵ ਅਤੇ ਵਿਚਾਰ, ਦ੍ਰਿਸ਼ ਅਤੇ ਦ੍ਰਿਸ਼ਟੀ ਵਿਚਾਲੇ ਅੰਤਰ ਦੀ ਪੇਸ਼ਕਾਰੀ ਕਰਦੀ ਹੈ। ਸਹਿਤ ਸਿਰਜਣਾ ਵਿਚ ਅਨੁਭਵ ਅਤੇ ਵਿਚਾਰ ਦ੍ਰਿਸ਼ ਅਤੇ ਦ੍ਰਿਸ਼ਟੀ ਅਦਵੈਤੀ ਰਿਸ਼ਤੇ ਵਿਚ ਬੱਝੇ ਹੁੰਦੇ ਹਨ। ਸਮੀਖਿਆ ਦੀ ਪੱਧਰ ਤੇ ਇਨ੍ਹਾਂ ਵਿਚਲੇ ਅੰਤਰ ਦੀ ਪਛਾਣ ਕੀਤੀ ਜਾ ਸਕਦੀ ਹੈ। ਚਰਨ ਸਿੰਘ ਦੀ ਕਵਿਤਾ ਕਿਉਂਕਿ ਚੇਤੰਨ ਬਿਰਤੀ ਵਾਲੀ ਕਵਿਤਾ ਹੈ। ਇਸ ਲਈ ਸਿਰਜਣਾ ਅਤੇ ਸਮੀਖਿਆ ਵਿਚਲੇ ਅੰਤਰ ਪ੍ਰਤੀ ਸੁਚੇਤ ਹੈ। ਪਰਪੱਖ ਸਿਰਜਣਾ ਦੀ ਹੀ ਪੂਰਦੀ ਹੈ। ਇਸੇ ਲਈ ਸ਼ਬਨਮ ਤੇ ਸ਼ਬਨਮੀ ਰੂਪ ਦੀ ਪਛਾਣ ਵਿਚ ਉਹ ਦ੍ਰਿਸ਼ਟੀ ਦਾ ਵੱਡਾ ਰੋਲ ਮੰਨਦੀ ਹੈ। ਉਸ ਕੋਲ ਕਲਾਕਾਰ ਦੀ ਛੋਹ ਹੈ ਦ੍ਰਿਸ਼ਟੀ ਦੀ ਅੱਖ ਉਸ ਅਨੁਸਾਰ ਕੁਦਰਤ ਦੇ ਸਹਿਜ ਵੇਰਵੇ ਨੂੰ ਮਕਾਨਕੀ ਜਿਹਾ ਬਣਾ ਦਿੰਦੀ ਹੈ। ਇਹ ਇਕ ਭਾਸ਼ਾ ਵਿਗਿਆਨਕ ਨੁਕਤਾ ਹੈ ਜਿਸਨੂੰ ਭਾਸ਼ਾ ਵਿਗਿਆਨੀ ਦਲੀਲਾਂ ਰਾਹੀਂ ਸਮਝਾਉਂਦੇ ਹਨ ਪਰ ਚਰਨ ਸਿੰਘ ਨੇ ਦ੍ਰਿਸ਼ ਰਾਹੀਂ ਸਿਰਜ ਦਿਤਾ ਹੈ। ਸਿਧਾਂਤ ਦੀ ਵਿਆਖਿਆ ਅਤੇ ਸਿਧਾਂਤ ਦਾ ਵਿਹਾਰ ਦੋ ਵੱਖਰੇ ਪਹਿਲੂ ਹਨ। ਪਹਿਲੇ ਦਾ ਸੰਬੰਧ ਸਮੀਖਿਅਕ ਜਾਂ ਵਿਗਿਆਨੀ ਨਾਲ ਹੈ ਅਤੇ ਦੂਜੇ ਦਾ ਸੰਬੰਧ ਸਿਰਜਕ ਜਾਂ ਕਲਾਕਾਰ ਨਾਲ ਹੈ। ਚਰਨ ਸਿੰਘ ਦੀ ਕਵਿਤਾ ਸਿਰਜਣਾ ਜਾਂ ਕਲਾਕਾਰੀ ਦਾ ਰੋਲ ਨਿਭਾਉਂਦੀ ਪ੍ਰਤੀਤ ਹੁੰਦੀ ਹੈ।

ਮੈਂ ਸ਼ਬਨਮ ਨੂੰ ਪੋਟੀਂ ਅਨੁਭਵਿਆ
ਪਰ ਦ੍ਰਿਸ਼ਟੀ ਨੂੰ
ਵਖਰੇਵੇਂ ਤੇ ਵਰਗੇਵੇਂ ਤੋਂ

ਹੋਰ ਵੱਧ ਕੁੱਝ ਨਜ਼ਰ ਨਾ ਆਏ
ਬਸ ਇਕ ਪੱਥਰ ਬਾਰ-ਬਾਰ
ਮਸਤਕ ਨੂੰ ਪਾੜੇ ਤੇ ਭੁਰ ਜਾਏ
ਮੁਤਅੱਲਕਾ ਦੇਹ ਚੋਂ
ਜਸ਼ਮਾ-ਏ-ਤਸ਼ੱਖੁਸ਼
ਸੁੱਕਦਾ-ਸੁੱਕਦਾ-ਸੁੱਕਦਾ ਜਾਏ

[ਸ਼ੂਨਯ-ਬੋਧ, ਪੰਨਾ 26]

ਚਰਨ ਸਿੰਘ ਦੀ ਕ਼ਵਿਤਾ ਵੀਹਵੀਂ ਸਦੀ ਦੇ ਪੱਛਮੀ ਮਾਹੌਲ ਵਿਚ ਵਿਚਰ ਰਹੇ ਮਨੁੱਖ ਨੂੰ ਪੰਝੀਵੀਂ ਸਦੀ ਤਕ ਅਪੜੇ ਹੋਏ ਮਨੁੱਖ ਦੀ ਸ਼ਕਲ ਵਿਚ ਵੇਖਦੀ ਹੈ। ਭਵਿੱਖ ਦੀ ਇਹ ਪ੍ਰਤੀਤੀ ਵਰਤਮਾਨ-ਵਿਹਾਰ ਉੱਪਰ ਆਧਾਰਿਤ ਹੈ। ਇਸ ਕਵੀ ਦੀ ਆਪਣੀ ਕਲਪਣਾ ਹੈ। ਇਸ ਤੋਂ ਕੁੱਝ ਵੱਧ ਜਾਂ ਇਸ ਤੋਂ ਕੁੱਝ ਘੱਟ ਵੀ ਵਾਪਰ ਸਕਦਾ ਹੈ। ਪਰ ਕਵੀ ਦੀ ਪ੍ਰਤੀਤੀ ਇਸ ਪ੍ਰਕਾਰ ਹੈ :

ਧਰਤੀ ਦਾ ਕਲਾਤਮਕ ਚਿੱਤਰ ਮੱਥੇ 'ਚ ਲੈ
ਪਲਾਸਟਿਕ-ਗਰਭ ਚੋਂ ਜਨਮਿਆ
ਪੰਝੀਵੀਂ ਸਦੀ ਦਾ
ਲਹੂ-ਮਾਸ ਦੇ ਰੰਗ ਦਾ ਮਹਾਨ ਖੋਜੀ
ਪਲਾਸਟਿਕ ਦੇ ਅੰਗਾਂ ਤੇ ਰਿਸ਼ਤਿਆਂ
'ਚ ਘਿਰਿਆ
ਅਰਧ-ਪਲਾਸਟਿਕ ਲਹੂ-ਮਾਸ ਦਾ
ਅਜੋਕਾ ਮਨੁੱਖ ਹਾਂ

[ਸ਼ੂਨਯ-ਬੋਧ, ਪੰਨਾ 37]

ਚਰਨ ਸਿੰਘ ਦੀ ਸਮੁੱਚੀ ਕਵਿਤਾ ਇਕ ਐਸੇ ਮਨੁੱਖ ਦੀ ਸਿਰਜਣਾ ਕਰਦੀ ਹੈ ਜੋ ਵਾਸਵਿਕਤਾ ਅਤੇ ਮਾਨਸਿਕਤਾ, ਲਹੂ ਅਤੇ ਪਲਾਸਟਿਕ ਦੀ ਦੇਹੀ ਅਤੇ ਸੂਝ, ਸੱਚ ਅਤੇ ਸੋਚ, ਦ੍ਰਿਸ਼ ਅਤੇ ਦ੍ਰਿਸ਼ਟੀ, ਅਨੁਭਵ ਅਤੇ ਵਿਚਾਰ, ਭਾਵਨਾ ਅਤੇ ਚਿੰਤਨ ਵਿਚਕਾਰ ਲਟਕਿਆ ਹੋਇਆ ਹੈ। ਦ੍ਰਿਸ਼ ਅਤੇ ਦ੍ਰਿਸ਼ਟੀ ਦੇ ਆਪਸੀ ਵਿਰੋਧ ਨੂੰ ਜਿਊਣਾ ਅੱਜ ਦੇ ਇਨਸਾਨ ਦੀ ਹੋਣੀ ਹੈ। ਉਸਦਾ ਅੱਜ ਦਾ ਸੱਚ ਹੈ। ਆਧੁਨਿਕ ਇਨਸਾਨ ਦੇ ਅੱਜ ਦੇ ਵਿਅਕਤਿਤਵੀ ਸੱਚ ਨੂੰ ਚਰਨ ਸਿੰਘ ਨੇ ਆਪਣੀ ਪੁਸਤਕ 'ਸ਼ੂਨਯ-ਬੋਧ' ਵਿਚ ਪੇਸ਼ ਕੀਤਾ ਹੈ। ਕੈਨੇਡਾ ਦੀ ਸਮੁੱਚੀ ਪੰਜਾਬੀ ਕਵਿਤਾ ਵਿਚ ਚਰਨ ਸਿੰਘ ਦਾ ਇਹ ਕਾਵਿ-ਸੰਗ੍ਰਹਿ ਵਿਲੱਖਣ ਹਸਤਾਖ਼ਰ ਹੋ ਨਿਬੜਿਆ ਹੈ।

**-ਡਾ. ਦਵਿੰਦਰ ਕੌਰ**

# ਥਾਲੀ 'ਚ ਉੱਗੇ ਜੰਗਲ ਦੀ ਕਵਿਤਾ

[ਨੀਗੇਸ਼ਨ ਟੂ ਨੀਗੇਸ਼ਨ-ਨੀਗੇਸ਼ਨ ਆਫ ਨੀਗੇਸ਼ਨ ਦੀ ਕਵਿਤਾ]

ਪਿਛਲੇ ਕੁਝ ਵਰ੍ਹਿਆਂ ਤੋਂ ਕੈਨੇਡਾ ਦੀ ਭੌਂ ਤੋਂ ਉੱਠੇ ਨਵੇਂ ਸੰਭਾਵਨਾ ਭਰਪੂਰ ਕਵੀ ਚਰਨ ਸਿੰਘ ਦੀ ਹੱਥਲੀ ਪੁਸਤਕ 'ਸ਼ੂਨਯ-ਬੋਧ' ਬਾਰੇ ਗੱਲ ਕਰਦੇ ਹਾਂ। ਹੱਥਲੀ ਪੁਸਤਕ 'ਸ਼ੂਨਯ-ਬੋਧ' ਕਵੀ ਚਰਨ ਸਿੰਘ ਦਾ ਤੀਸਰਾ ਕਾਵਿ-ਸੰਗ੍ਰਹਿ ਹੈ। ਇਹ ਕਵੀ ਕੈਨੇਡੀਅਨ ਵਰਗ ਦੀ ਕਵਿਤਾ ਲਈ ਕਾਫੀ ਵਿਭਿੰਨ ਤੇ ਨਵਾਂ ਹੈ। ਇਸਦੀ ਕਵਿਤਾ ਨੂੰ ਮੈਂ ਕੈਨੇਡੀਅਨ ਵਰਗ ਨਾਲੋਂ ਪੱਛਮੀ ਵਰਗ ਦੀ ਕਵਿਤਾ ਆਖਣਾ ਵਧੇਰੇ ਪਸੰਦ ਕਰਾਂਗਾ। ਚਰਨ ਸਿੰਘ ਆਧੁਨਿਕਵਾਦੀ/ਹੋਂਦਵਾਦੀ ਵਿਅਕਤੀ ਚੇਤਨਾ ਵਾਲਾ ਕਵੀ ਹੈ ਪਰ ਅਜਿਹਾ ਵਿਅਕਤੀ ਚੇਤਨਾ ਵਾਲਾ ਕਵੀ ਜੋ ਮਨੁੱਖ, ਸਮਾਜ ਤੇ ਚੁਗਿਰਦੇ ਨਾਲੋਂ ਟੁੱਟਿਆ ਹੋਇਆ ਨਹੀਂ ਸਗੋਂ 'ਸਵੈ' ਤੋਂ 'ਸੰਸਾਰ' ਤਕ ਪਰਸਾਰ ਕਰਨ ਵਾਲਾ ਹੈ। ਏਸ ਸੰਕਲਨ ਦੀ ਸਾਰੀ ਕਵਿਤਾ ਦੋਹਰੀ ਚੇਤਨਾ/ਦੋਹਰੇ ਅਰਥ ਪ੍ਰਭਾਵ ਵਾਲੀ ਹੈ। ਇਹ 'ਨੀਗੇਸ਼ਨ ਟੂ ਨੀਗੇਸ਼ਨ' ਦੀ ਕਵਿਤਾ ਵੀ ਹੈ 'ਨੀਗੇਸ਼ਨ ਆਫ ਨੀਗੇਸ਼ਨ' ਦੀ ਕਵਿਤਾ ਵੀ ਹੈ।

ਚਰਨ ਸਿੰਘ ਪਰਵਾਸੀ ਕਵੀ ਹੈ। ਉਸਦਾ ਜੜ੍ਹਹੀਣ/ਟੁੱਟਦਾ ਜੁੜਦਾ ਵਿਅਕਤਿਤ ਨਵੇਂ ਪਰਵਾਸੀ ਮਾਹੌਲ ਦੀ ਦੇਣ ਹੈ। ਉਸਨੇ ਸੰਕਲਨ ਦਾ ਨਾਂ 'ਸ਼ੂਨਯ-ਬੋਧ' ਰੱਖਿਆ ਹੈ ਅਤੇ ਆਪਣੇ ਸਮੁੱਚੇ ਅਨੁਭਵ ਤੇ ਚਿੰਤਨ ਨੂੰ ਸ਼ੂਨ-ਬੋਧੀ ਪੱਧਰ ਤੇ ਹੀ ਚਿਤਵਿਆ ਤੇ ਉਲੀਕਿਆ ਹੈ। ਇਸੇ ਲਈ ਉਸਦੀ ਰਚਨਾ ਚੁੱਪ ਦੀ ਆਵਾਜ਼ ਵੀ ਹੈ, ਸ਼ੂਨ-ਬੋਧ ਦਾ ਖਾਮੋਸ਼ ਸਫ਼ਰ ਵੀ। ਇਸੇ ਲਈ ਅਰਥ-ਪੱਧਰ ਤੇ ਉਸਦੀ ਕਵਿਤਾ ਦਾ ਮੁੱਖ ਧੁਰਾ ਮਨੁੱਖਾ ਜੀਵਨ ਤੇ ਹੋਂਦ ਚਿੰਤਨ ਹੈ। ਜੀਵਨ/ਹੋਂਦ ਤੇ ਮਨੁੱਖ ਵੱਲ ਕਵੀ ਦਾ ਵਤੀਰਾ ਦਾਰਸ਼ਨਿਕ ਤੇ ਬੌਧਕ ਵਿਅਕਤੀ ਵਾਲਾ ਹੈ ਅਤੇ ਕਾਵਿ ਲੇਖਨ ਵੱਲ ਕਾਵਿ-ਸਿਰਜਨ ਵਾਲਾ।

ਹੱਥਲੇ ਸੰਕਲਨ ਦਾ ਕਾਵਿ-ਪਾਠ ਦੱਸਦਾ ਹੈ ਕਿ ਇਸ ਵਿਚਲੀ ਕੋਈ ਵੀ ਕਵਿਤਾ ਮਹਿਜ਼ ਕਵਿਤਾ ਲਿਖਣ ਲਈ ਜਾਂ ਕਿਸੇ ਵਿਸ਼ੇ ਦੇ ਕਵਿਤਾ-ਕਰਨ ਲਈ ਨਹੀਂ ਲਿਖੀ ਗਈ, ਸਗੋਂ ਜੀਵਨ ਅਨੁਭਵਾਂ ਦੇ ਤੀਬਰ/ਤੀਖਣ ਤੇ ਯੋਗ ਅਭੀਅੰਜਨ ਲਈ ਹੀ ਲਿਖੀ ਅੰਕੀ ਗਈ ਹੈ। ਕਹਾਵਤ ਹੈ : ਸਖ਼ਾਵਤ ਘਰੋਂ ਸ਼ੁਰੂ ਹੁੰਦੀ ਹੈ। ਚਰਨ ਸਿੰਘ ਦੀ ਕਵਿਤਾ ਦਾ ਆਰੰਭ ਤੇ ਪਰਸਾਰ ਵੀ ਸਵੈ ਤੋਂ ਹੀ ਆਰੰਭ ਹੁੰਦਾ ਹੈ। ਫੇਰ ਹੌਲੀ-ਹੌਲੀ 'ਪਰ' ਵੱਲ ਪਰਸਾਰ ਕਰਦਾ ਹੈ। ਉਸਦੀ ਕਵਿਤਾ ਸ਼ੁਧ ਵਿਅਕਤੀ-ਚੇਤਨਾ ਦੀ

ਕਵਿਤਾ ਹੈ। ਜਿਸਦਾਂ ਕੇਂਦਰੀ ਪਾਤਰ ਤੇ ਨਾਇਕ ਆਧੁਨਿਕ ਮਨੁੱਖ ਹੈ। ਇਹ ਟੁੱਟਦੇ-ਜੁੜਦੇ ਮਨੁੱਖਾ ਅਸਤਿਤ੍ਵ ਦੀ ਕਵਿਤਾ ਹੈ। ਅਜਿਹਾ ਵਿਅਕਤਿਤ੍ਵ ਜਿਸਨੂੰ ਸੋਧਣ ਤੇ ਬੋਧਣ ਦੇ ਸੰਘਰਸ਼ 'ਚ ਉਹ ਸੰਜੀਦਗੀ ਨਾਲ ਜੁਟਿਆ ਹੋਇਆ ਹੈ। ਪੁਸਤਕ ਦਾ ਆਰੰਭ 'ਨੀਗੇਸ਼ਨ ਤੋਂ ਨੀਗੇਸ਼ਨ' ਤਕ ਦੇ ਚਿੰਤਨ ਨਾਲ ਹੁੰਦਾ ਹੈ। ਪਹਿਲੀ ਕਵਿਤਾ 'ਸਨਾਸਾ' ਤੋਂ ਹੀ ਕਵੀ ਉੱਪਰ 'ਆਪੇ' ਦੇ ਗੁਆਚੇ ਹੋਏ ਹੋਣ ਦਾ ਭਾਵ ਹਾਵੀ ਹੈ। ਉਸ ਤੇ 'ਲਾਸ ਆਫ਼ ਦੀ ਸੈਲਫ਼' ਦਾ ਅਹਿਸਾਸ ਭਾਰੂ ਹੈ। ਉਹ ਆਖਦਾ ਹੈ : ਮੇਰਾ ਰੂਪ ਗੁਆਚ ਗਿਆ ਹੈ। ਮੈਂ ਖਿੰਡ ਗਿਆ ਹਾਂ। (ਜਿਵੇਂ ਜ਼ੀਰੋ ਡਿਗਰੀ ਵਿਚ) ਮੇਰੀ ਹਸਤੀ ਦਾ ਸੂਰਜ ਭੁਰ ਗਿਆ ਹੈ। ਮੁੱਢ ਜੋ ਸਿਰ ਤਕ ਹਰਾ ਸੀ, ਬਾਹਰ ਤੋਂ ਅੰਦਰ ਤੱਕ ਸੁੱਕ ਗਿਆ ਹੈ। ਇਸੇ ਲਈ ਉਹ ਆਪਣੀ ਦੇਹੀ ਦੇ ਅੰਨ੍ਹੇ ਗੁੰਮੇਂ ਖੂਹ 'ਚੋਂ ਆਪਣੇ ਵਿਖੰਡ੍ਰਤ ਹੋਏ। ਗੁੰਮੇ ਗੁਆਚੇ ਸਵੈ ਨੂੰ ਲੱਭਣ ਦੇ ਯਤਨ 'ਚ ਹੈ। ਪਰ ਉਸ ਦਾ ਇਹ ਯਤਨ ਸੁਹਿਰਦ ਯਤਨ ਨਹੀਂ, ਹਨ੍ਹੇਰੇ 'ਚ ਸਵੈ ਨੂੰ ਭਾਲਣ ਲਈ ਉਹ ਅੱਖਾਂ ਨੂੰ ਉਂਗਲੀਆਂ ਤਾਂ ਬਣਾਉਂਦਾ ਹੈ ਪਰ ਉਸਦਾ ਆਪ ਹੁਦਰਾ ਚੋਰ-ਮਨ ਉਂਗਲਾਂ ਉਤੇ ਦਸਤਾਨੇ ਚੜ੍ਹਾ ਲੈਂਦਾ ਹੈ। ਜਿਵੇਂ ਡਰਦਾ ਹੋਵੇ ਕਿ ਸਵੈ ਨੂੰ ਨੰਗੀਆਂ ਉਂਗਲਾਂ ਨਾਲ ਸ਼ਾਇਦ ਉਹਨਾਂ ਨੂੰ ਛੂਤ ਦੀ ਬੀਮਾਰੀ ਲਗ ਜਾਵੇਗੀ। ਕੇਵਲ ਏਹੀ ਨਹੀਂ, ਸਵੈ ਨੂੰ ਲੱਭਦੇ, ਡੀਸਾਈਫ਼ਰ ਕਰਦੇ ਉਹ ਦੋ ਹੋਰ ਵਿਧੀਆਂ ਦੀ ਵੀ ਟੇਕ ਲੈਂਦਾ ਹੈ।

ਦਿਨੇ ਅੰਨ ਦੀ ਇਕ ਗੋਲੀ 'ਚੋਂ
ਰਾਤ, ਸਕਾਚੀ ਸੜਦੇ ਜਲ 'ਚੋਂ

ਪਰ ਇਹ ਦੋਵੇਂ ਵਿਧੀਆਂ ਵੀ ਸੁਹਿਰਦ ਵਿਧੀਆਂ ਨਹੀਂ- ਸਟੰਟਵਾਦੀ/ਛਡ ਪਰੇ ਫੇਰ ਸਹੀ ਕਰਨ ਵਾਲੀਆਂ ਪਖੰਡੀ ਵਿਧੀਆਂ ਨੇ। ਸਿੱਟਾ ਇਹ ਹੈ ਕਿ ਨਾ ਸਿਰਫ਼ ਕਵੀ ਦੀ ਸੋਚ ਹੀ ਪ੍ਰਸ਼ਨ ਚਿੰਨ੍ਹ ਬਣ ਕੇ ਰਹਿ ਗਈ ਹੈ, ਸਗੋਂ ਉਸਦੀ ਨਜ਼ਰ ਦੇ ਚਾਰੇ ਪਾਸੇ ਪ੍ਰਸ਼ਨ-ਚਿੰਨ੍ਹਾਂ ਦਾ ਘਿਨਾਉਣਾ ਜੰਗਲ ਉੱਗ ਆਇਆ ਹੈ :

ਜ਼ਿੰਦਗੀ ਦੇ ਬੁੱਲ੍ਹੀਂ ਤੇ ਅਖੀਂ
ਪ੍ਰਸ਼ਨ-ਚਿੰਨ੍ਹਾਂ ਦੀ ਸੂਲਾਂ ਵਰਗੀ
ਫ਼ਸਲ ਜਿਹੀ ਇਕ ਉੱਗ ਪਈ ਹੈ

ਸੂਲਾਂ ਵਰਗੇ ਪ੍ਰਸ਼ਨ ਚਿੰਨ੍ਹਾਂ ਦਾ ਜੰਗਲ ਉੱਗਿਆ ਦੇਖ ਕੇ ਉਸਦਾ ਵਿਅਕਤਿਤ੍ਵ ਵਿਘਠਤ ਤੇ ਵਿਖੰਡਤ ਹੋਇਆ ਅਤੇ ਅੰਤ੍ਰੀਵ ਤੌਰ ਤੇ ਉਸ ਵਿਚ ਵਿਰੋਧਾਭਾਸ਼ੀ ਰੁਚੀਆਂ, ਜਿਨ੍ਹਾਂ ਨੂੰ ਮੈਂ 'ਨੀਗੇਸ਼ਨ ਟੂ ਨੀਗੇਸ਼ਨ' ਕਿਹਾ ਹੈ, ਨੇ ਪਰਵੇਸ਼ ਕੀਤਾ ਹੈ। ਆਪਣਾ ਖੋਖਲਾ ਤੇ ਵਿਰੋਧਾਭਾਸ਼ੀ ਵਿਵਹਾਰ ਦੇਖ

ਕੇ ਉਸਦੇ ਅੰਤ੍ਰੀਵ ਵਿਚ ਧੁਰ ਅੰਦਰ ਤੱਕ ਸਹਿਮ ਲੱਥ ਗਿਆ ਹੈ। ਉਸਨੂੰ ਆਪਣੇ ਧੁਰ ਅੰਦਰੋਂ ਨਿਕਲੇ ਸਵੈ-ਬੋਲਾਂ ਤੇ ਵੀ ਵਿਸ਼ਵਾਸ ਨਹੀਂ ਰਿਹਾ ਜਾਪਦਾ। ਜਿਵੇਂ ਉਹ ਵੀਂ ਉਸਦੇ ਓਪਰੇ ਅਸਤਿਤ੍ਵ ਦੀ ਓਪਰੀ-ਕੰਜੀ ਤੇ ਤਹਿ ਤੋਂ ਹੀ ਉਭਰ ਕੇ ਬਾਹਰ ਆਏ ਹੋਣ। ਜਿਵੇਂ ਉਸ ਕੋਲ ਅਸਲੀ ਸਰੀਰ ਦੀ ਥਾਂ ਸਰੀਰਕ ਖੋਲ ਹੀ ਹੋਵੇ। ਜਿਵੇਂ ਉਸਦੇ ਬੋਲ ਆਪਣੇ ਬੋਲ ਨਾ ਹੋਣ ਕਿਸੇ ਹੋਰ ਦੇ ਬਾਹਰੋਂ ਠੋਸੇ ਲੋਹੇ ਵਰਗੇ ਭਾਰੇ ਤੇ ਮਾਰੂ ਬੋਲ ਹੋਣ। ਦੇਖੋ ਉਦਾਹਰਣ :

ਭਾਸ਼ਾ ਆਪਣਾ ਜਿਸਮ ਉਤਾਰ
ਪਾਣੀ ਹੋਏ ਲੋਹੇ ਵਾਂਗੂ
ਸ਼ਬਦਾਂ ਤੇ ਅਰਥਾਂ ਦੇ ਸਿਰ ਤੋਂ ਵਗ ਰਹੀ ਹੈ

... .... ....

ਪੈਰ ਹੇਠਲੀ ਮਿੱਟੀ ਦਾ
ਮਰੀਅਲ, ਪਰ ਮੁਤਮਈਅਨ ਹਾਸਾ
(ਵਿਰੋਧਭਾਸ/ਖੋਖਲਾਪਨ)

... ... ...

ਨੇਜ਼ਾਂ ਤੇ ਤਲਵਾਰਾਂ ਬਣ ਕੇ ਲਟਕ ਰਿਹਾ ਹੈ (ਸਹਿਮ/ਭੈਅ)

ਅਜਿਹੇ ਅਨੁਭਵੀ ਅਤੇ ਵਿਰੋਧ ਅਨੁਭਵੀ ਦੋਗਲੇ ਕਰਮ 'ਚੋਂ ਲੰਘ ਕੇ ਕਵੀ ਲਈ ਸਵੈ ਹੋਂਦ ਅਰਥਹੀਣ ਛਿਣ ਭੰਗਰਾ ਖੇਡ ਪਸਾਰਾ ਬਣ ਨਿਬੜਦੀ ਹੈ :

ਮੈਨੂੰ ਲਗੇ, ਅੱਖੀਆਂ 'ਚ ਗੁਆਚੇ
ਅੱਥਰੂ ਤੋਂ ਵਧ ਕੁਝ ਨਹੀਂ ਮੈਂ

.... ... ...

ਤੇ ਦੀਵਾਰ 'ਚ, ਇੱਟਾਂ ਵਾਂਗ ਚਿਣੇ ਗਏ ਹਾਂ
ਘਰ ਦੇ ਮੱਥੇ ਰੱਬੀ ਨਾਂ ਦੀ
ਖ਼ਾਲੀ ਇਕ ਕਰਾਸ ਜਿਹੀ ਤੇ ਲਟਕ ਰਹੇ ਹਾਂ
ਬੋਧ-ਕੇਂਦਰ ਨੇ
ਜਿਸਮ ਦੀ ਬਣਤਰ ਬਦਲ ਲਈ ਹੈ
ਸ਼ੀਸ਼ੇ ਦੀ ਕੰਡ 'ਚੋਂ ਆਪਣੇ ਸਿਰ ਨੂੰ
ਆਪਣੀ ਪਿੱਠ ਤੇ ਸਾਜ ਲਿਆ ਹੈ

ਇਸ ਤਰ੍ਹਾਂ ਉਸਦਾ ਅਸਤਿਤ੍ਵੀ ਸਵੈ ਨੂੰ ਲੱਭਣ/ਖੋਜਣ ਵਾਲਾ ਵਿਰੋਧਭਾਸ਼ੀ ਪਖੰਡ ਬਿਲਕੁਲ ਨੰਗਾ ਹੋ ਜਾਂਦਾ ਹੈ। ਇਹ ਜਾਨਣਾ ਔਖਾ ਨਹੀਂ ਕਿ ਇਥੇ ਕਵੀ 'ਚ 'ਆਧੁਨਿਕ-ਮਨੁੱਖ' ਬੋਲ ਰਿਹਾ ਹੈ। ਇਥੇ ਸਾਰਾ ਦੋਸ਼ ਆਧੁਨਿਕ ਮਨੁੱਖ ਦੀ ਦੂਸ਼ਤ ਕਾਲ-ਮੁਖੀ ਸੂਝ ਤੇ ਪ੍ਰਕਿਰਤੀ ਦਾ ਹੈ ਜੋ

ਪੁਰਵਾ ਜਾਂ ਪੱਛਮੀ ਹਵਾ ਵਾਂਗ, ਇਕ ਸਮ-ਦਿਸ਼ਾਵੀ ਨਹੀ, ਸਗੋਂ ਵਾ-ਵਰੋਲਿਆਂ ਵਾਂਗ ਗੋਲ ਚੱਕਰ ਚਲਦੀ ਭਾਵ ਦਿਸ਼ਾ ਰਹਿਤ ਭੁਲਾਵਿਆਂ 'ਚ ਗ੍ਰੱਸ ਕੇ ਰਹਿ ਗਈ ਹੈ :

ਸੂਝਗਤੀ ਦੇ ਤੇਜ਼ ਵਾ-ਵਰੋਲਿਆਂ ਸੰਗ
ਦੇਹ ਦੇ ਅੰਗ
ਭੁਲਾਵੇਂ ਅੱਖਰਾਂ ਵਾਂਗ ਬਿਖ਼ਰ ਗਏ ਹਨ

(ਗਰਭ ਸ਼ੁਦਾ ਪੂਰਣਤਾ)

ਅਗਲੀ ਕਵਿਤਾ 'ਅਸ਼ਬਦ' 'ਚ ਕਵੀ ਏਸ ਸੁਰਤ ਸੂਝ ਨੂੰ 'ਅਸੁਰਤ' ਆਖਦਾ ਹੈ ਕਿਉਂਕਿ ਇਹ ਹੋਂਦ ਦੇ ਵੱਖ-ਵੱਖ ਅੰਗਾਂ 'ਚ ਤਾਲਮੇਲ/ਸਮਤੋਲ ਪੈਦਾ ਕਰਨੋਂ ਅਸਮਰਥ ਹੈ :

ਸੁਰਤੀ ਅਸੁਰਤ ਹੈ ਆਪਣੀ ਪਛਾਣ ਤੋਂ
ਲਫ਼ਜ਼ ਅੱਜ ਵਾਕਿਫ਼ ਨਹੀਂ ਆਪਣੀ ਜ਼ਬਾਨ ਤੋਂ

ਇਥੇ ਸੁਰਤੋਂ ਅਸੁਰਤੀ ਦੀ ਅਵਸਥਾ ਕਾਰਨ ਉਸਦੀਆਂ ਰਗਾਂ 'ਚ ਦੌੜਦਾ ਲਹੂ ਪਾਣੀ ਬਣਿਆ ਪਿਆ ਹੈ। ਏਸ ਸੰਕਟ-ਕਾਲੀਨ ਸਥਿਤੀ 'ਚ ਫਸੇ/ਇਸਦੀ ਜਿੱਲ੍ਹਣ 'ਚ ਗ੍ਰੱਸੇ ਵਿਅਕਤੀ ਲਈ ਸਿਰਜਕ ਮਾਂ ਦੀ ਪਿੱਠ ਤੇ ਖੁਣੀ ਉਮਰ ਸੂਲ ਬਣ ਕੇ ਰੜਕਦੀ ਹੈ ਤੇ ਤੀਜੀ ਅੱਖ ਦੀ ਦੂਨੀਏਂ ਦੇਹ ਅਜੇ ਵੀ ਲਿਬੜੀ ਹੈ।

ਹੁਣ ਤੀਕ ਮੈਂ ਇਹ ਆਖਿਆ/ਵਿਆਖਿਆ/ਸਿੱਧ ਕੀਤਾ ਹੈ ਕਿ ਕਵੀ ਉਹਲੇ ਲੁਪਤ ਆਧੁਨਿਕ ਮਨੁੱਖ ਆਪਣੀ 'ਮੈਂ' ਗੁੰਮ ਗੁਆ ਬੈਠਾ ਹੈ। ਉਸ ਦਾ ਆਪਾ/ਵਿਅਕਤਿਤ੍ਵ ਵਿਘਠਤ ਹੋ ਚੁੱਕਾ ਹੈ। ਮਾਂ ਦੇ ਥਣ ਵਾਂਗ ਉਹ ਆਪਣੇ ਅਸਲੇ ਤੇ ਸੋਮੇ ਨਾਲੋਂ ਟੁੱਟ ਚੁੱਕਾ ਹੈ। ਚੇਤੇ ਰਹੇ ਏਸੇ ਚਿੰਤਨ ਨੂੰ ਮੈਂ ਕਵਿਤਾ ਦਾ ਪਹਿਲਾ ਪੜ੍ਹਾਅ, ਭਾਵ 'ਨੀਗੇਸ਼ਨ ਟੂ ਨੀਗੇਸ਼ਨ' ਆਖਿਆ ਸੀ। ਇਹ ਨਾਂਹ-ਮੁੱਖਤਾ ਤੋਂ ਨਾਂਹ-ਮੁੱਖਤਾ ਤਕ ਦਾ ਪੜਾਅ ਹੈ। ਇਹ ਵਿਰੋਧਾਭਾਸ ਦਾ ਪੜਾਅ ਹੈ ਤੇ ਏਸ ਵਿਰੋਧਾਭਾਸ ਨੂੰ ਮਨੁੱਖ ਵਰਤਮਾਨ ਸੰਕਟ ਦਾ ਮੁੱਖ ਕਾਰਣ ਸਗੋਂ ਹੋਂਦ/ਹੋਣੀ ਦਾ ਅਟੁੱਟ ਅੰਗ ਸਮਝੀ ਬੈਠਾ ਹੈ।

ਪਰ ਹੱਥਲੇ ਸੰਗ੍ਰਹਿ ਦੀ ਸਾਰੀ ਕਵਿਤਾ ਇਸੇ ਖੜੋਤ ਮਾਰੀ ਮਾਰੂ ਸਥਿਤੀ ਦੇ ਟਿੱਪਣੇ ਤੇ ਹੀ ਨਹੀਂ ਖਲੋਤੀ ਰਹਿੰਦੀ। ਇਸਦਾ ਅਗਲਾ ਪੜਾਅ 'ਨੀਗੇਸ਼ਨ ਆਫ ਨੀਗੇਸ਼ਨ' ਦਾ ਹੈ, ਭਾਵ ਨਾਂਹ ਕਰਣ ਦੇ ਨਾਂਹ ਕਰਣ' ਦਾ ਪੜਾਅ। ਇਹ ਸੱਤਰਾਂ ਪੜ੍ਹੋ :

ਕਿੰਨਾ ਅਰਥਕ-ਸੱਚ ਹੈ
ਮਨਫ਼ੀ 'ਚੋਂ ਜਮ੍ਹਾਂ ਦਾ ਜਨਮਣਾ
.... .... ....

ਕਿੰਨੇ ਜ਼ਰੂਰੀ ਹਨ ਤਰਲ ਸੂਰਜਾਂ ਲਈ
ਪਹਾੜੀ ਸਿੱਪੀਆਂ ਦੇ ਖੋਲ
.... .... ....
ਮੈਂ ਤਾਂ ਹਰਿਆਲੇ ਬਾਸਾਂ 'ਚ ਵੱਸਦੀ ਅੱਗ ਹਾਂ

ਇਥੇ ਪੁੱਜ ਕੇ 'ਨਾਂਹ ਕਰਣ ਤੋਂ ਨਾਂਹ ਕਰਣ' ਤਕ ਦੀ ਸਥਿਤੀ 'ਨਾਂਹ ਕਰਣ ਦੇ ਨਾਂਹ ਕਰਣ' ਦੀ ਸਥਿਤੀ 'ਚ ਪ੍ਰੀਵਰਤ ਹੋ ਜਾਂਦੀ ਹੈ। ਜਾਂ ਇਉਂ ਵੀ ਆਖਿਆ ਜਾ ਸਕਦਾ ਹੈ ਕਿ ਵਿਰੋਧਾਭਾਸ ਨੂੰ ਵਿਰੋਧ-ਇਕਾਈ ਵਿਚ ਬਦਲ ਦਿਤਾ ਗਿਆ ਹੈ। ਇਕ ਹੋਰ ਉਦਾਹਰਣ ਦੇਖੋ :

ਗੱਲ ਤਾਂ ਸਿਰਫ, ਧੁੱਪ 'ਚੋਂ ਛਾਂ ਮਾਨਣ ਦੀ
ਛਾਂ 'ਚੋਂ ਧੁੱਪ ਸੇਕਣ ਦੀ

ਇਹ ਹੋਂਦ ਦੀ 'ਵਿਰੋਧ-ਸਮਾਨਾਤ੍ਰਤਾ' ਵਾਲੀ ਚੁੰਬਕੀ ਸਥਿਤੀ ਹੈ। ਜਿਵੇਂ ਨੈਗੇਟਿਵ੍/ਪਾਜ਼ੇਟਿਵ ਦੋ, ਵਿਰੋਧ-ਸਿਰੇ ਮਿਲ ਕੇ ਚੁੰਬਕ ਬਣਦੀ ਹੈ, ਉੱਤਰੀ ਤੇ ਦੱਖਣੀ ਧਰੁਵ ਮਿਲ ਕੇ ਗਲੋਬੀ ਗੋਲਾ ਬਣਦਾ ਹੈ। ਇਵੇਂ ਹੀ ਮਾਨਵੀ ਅਸਤਿਤ੍ਵ ਵੀ ਵਿਰੋਧੀ ਗੁਣਾਂ ਦਾ ਸਮੂਹ ਹੈ। ਹੱਥਲੇ ਸੰਗ੍ਰਹਿ ਦੀ ਅੱਧੀ ਕਵਿਤਾ ਨਾਂਹ ਕਰਣਕ ਰੁਚੀਆਂ, ਅੱਧੀ ਨਾਂਹ ਕਰਣ ਦੇ ਨਾਂਹ ਕਰਨ ਦੀ ਧਾਰਣੀ ਹੈ। ਦੂਸਰੀ ਸਥਿਤੀ 'ਚ ਨਾਂਹ ਵਾਚਕੀ ਸਥਿਤੀ, ਨਾਂਹ ਵਾਚਕੀ ਨਹੀਂ ਰਹਿੰਦੀ—ਹਾਂ ਵਾਚਕੀ ਬਣ ਜਾਂਦੀ ਹੈ। ਅਗਲੇ ਸਫ਼ਿਆਂ ਤੇ ਅਨੇਕ ਕਵਿਤਾਵਾਂ ਏਸ ਦੋਹਰੇ ਅਨੁਭਵ-ਦੋਹਰੀ ਸਥਿਤੀ ਦੀਆਂ ਸੂਚਕ ਹਨ। ਉਹ ਹਨ : ਨਕਸ਼ ਦਰ ਨਕਸ਼, ਸ਼ਬਦ ਸੋਚ ਬਰਾਬਰ ਅਰਥ, ਬੌਣੇ ਰੁੱਖ, ਬੌਣਾ ਕੱਦ ਪ੍ਰਕਰਮਾ, ਤ੍ਰਿਸ਼ਨਾ, ਤਿੰਨ ਨਿੱਕੀਆਂ ਕਵਿਤਾਵਾਂ, ਪ੍ਰਸ਼ਨੋਤਰੀ, ਤਰਕ ਵਿਗਿਆਨ, ਦਿਸ਼ਾ ਰਹਿਤ ਤੇ ਸਿਫ਼ਰੇ ਆਦਿ। ਹੱਥਲੀ ਪੁਸਤਕ ਦਾ ਏਹੀ ਦੋਹਰਾ ਪ੍ਰਧਾਨ-ਸੁਰ, ਪ੍ਰਧਾਨ-ਬੋਧ, ਦੋਹਰੀ ਪ੍ਰਕਿਰਤੀ/ਪ੍ਰਵਿਰਤੀ ਹੈ। ਦੂਸਰੀ ਸਥਿਤੀ ਬਾਰੇ ਇਹ ਸਤਰਾਂ ਪੜ੍ਹੋ :

ਬਰਫ਼ ਜੋ ਸੜ ਸੜ ਕੇ ਠਰੀ ਸੀ
ਪਿਘਲ ਪਿਘਲ ਕੇ ਜਗੀ ਹੈ
ਮੇਰੇ ਆਪਣੇ ਤੇ ਰੁੱਖਾਂ ਵਿਚਕਾਰ
ਲੋਅ ਦੀ ਨਦੀ ਬਣਕੇ ਵਗੀ ਹੈ

ਹੋਰ ਟੂਕ ਲਓ :

ਮੈਂ ਤਾਂ ਬਿਨ ਕੰਧਾਂ ਕਮਰਾ ਹਾਂ
ਸਦਾ ਖੁੱਲ੍ਹਾ ਦਰ ਹਾਂ
ਸਾਰੇ ਦਾ ਸਾਰਾ
ਉਡੀਕ 'ਚ ਬੈਠੀ ਛੰਨ ਹਾਂ

ਮੈਂ ਆਪਣੇ ਸਾਹਾਂ 'ਚ ਰਲਦਾ ਜਾ ਰਿਹਾਂ
ਆਪਣੇ ਖਿਲਾਫ਼ ਵਿਦਰੋਹ

(ਮਨੁੱਖ ਵਿਚਲਾ ਮਨੁੱਖ)

.... .... ....

ਅਸੀਂ ਆਪਣਾ ਸੰਵਾਦ
ਗੌਂਦ ਪਾਤਰਾਂ ਤੇ ਪਟ ਕਥਾ ਆਪ ਹਾਂ

.... .... ....

ਅਸੀਂ ਹਰ ਪਲ ਮਰਦੇ, ਹਰ ਪਲ ਜੰਮਦੇ ਹਾਂ

(ਰਿਸ਼ਤੇ ਅਰਿਸ਼ਤੇ)

ਅਸਲ ਵਿਚ ਉਪਰੋਕਤ ਸੱਤਰਾਂ ਵਿਚ ਵਿਆਖਿਆਈਆਂ ਹਾਂ/ਨਾਂਹ ਵਾਚਕ ਦੋਵੇਂ ਸਥਿਤੀਆਂ ਪੱਛਮੀ ਦੇਸ਼ਾਂ 'ਚ ਆਈ ਦੂਹਰੀ-ਉਦਯੋਗਿਕ ਕ੍ਰਾਂਤੀ ਅਤੇ ਉਨ੍ਹਾਂ ਦੇ ਪ੍ਰਤੀਕਰਮ ਵਜੋਂ ਉਪਜੇ-ਮਾਸ ਮਸ਼ੀਨ ਕਲਚਰ ਦੀ ਉਪਜ ਹਨ। ਪੱਛਮ ਵਿਚ ਪਹਿਲੀ ਕ੍ਰਾਂਤੀ ਪਹੀਏ ਤੇ ਭਾਫ਼-ਸ਼ਕਤੀ ਦੀ ਖੋਜ ਨਾਲ ਆਈ ਸੀ ਅਤੇ ਦੂਸਰੀ ਬਿਜਲੀ ਤੇ ਪ੍ਰਮਾਣੂ ਸ਼ਕਤੀ ਦੀ ਕਾਢ ਨਾਲ ਸੰਭਵ ਹੋ ਸਕੀ ਹੈ ਜਿਸਨੂੰ ਇਕ ਅਮਰੀਕਨ ਚਿੰਤਕ ਟ੍ਰਾਫਲਰ—'ਦਾ ਥਰਡ ਵੇਵ' ਆਖਦਾ ਹੈ। ਮਾਸ ਮਸ਼ੀਨ ਕਲਚਰ ਦਾ ਇਹ ਮਾਨਸਿਕ/ਆਤਮਕ ਤੇ ਸਮਾਜਕ ਪ੍ਰਭਾਵ ਪਿਆ ਹੈ ਕਿ ਮਨੁੱਖ ਤੇ ਮਨੁੱਖੀ ਮੁੱਲਾਂ ਦਾ ਨਿਘਾਰ ਵਧ ਗਿਆ ਹੈ। ਡੀਹੀਊਮਨਾਈਜ਼ ਹੋ ਕੇ ਮਨੁੱਖ ਮਸ਼ੀਨ ਬਣ ਗਿਆ ਹੈ। ਮਨੁੱਖ ਉਤੇ ਮਸ਼ੀਨ ਦਾ ਰਾਜ ਹੋ ਗਿਆ ਹੈ। ਮਨੁੱਖ ਦੀ ਆਪਣੀ ਸਿਰਜਣਾ ਉਸ ਉਤੇ ਦੈਂਤ ਬਣ ਕੇ ਹਾਵੀ ਹੋ ਗਈ ਹੈ। ਮਨੁੱਖ—ਮਨੁੱਖ ਹੀਣ/ਆਤਮਹੀਣ ਕੰਪਿਊਟਰ ਤੇ ਰੋਬਟ ਹੋ ਗਿਆ ਹੈ। ਪ੍ਰਮਾਣੂ ਭੈਅ ਅਤੇ ਉਸ 'ਚ ਲੁਕੀ ਮੌਤ ਦਾ ਕੁਟਲ ਸਹਿਮ ਉਸ ਤੇ ਹਾਵੀ ਹੋ ਗਿਆ ਹੈ :

ਮੈਂ ਆਪਣਾ ਚਿਹਰਾ ਖੂਹ ਵਾਂਗ
ਸੁੱਕੇ ਪਾਣੀ ਦੇ ਦਰਪਣ 'ਚੋਂ
ਰੂਹ ਤਕ ਝਰੀਟ ਲਿਆ ਹੈ
ਜ਼ਮੀਂ ਤੇ ਤੁਪਕਾ ਰੂਪ 'ਚ ਪਏ ਹਨ
ਜਿਸਮ ਚੋਂ ਨੁਚੜੇ ਨਕਸ਼ (ਜ਼ੀਰੋ ਡਿਗਰੀ)

ਅਤੇ ਜਾਂ

ਦਿਸਹੱਦੇ ਤੱਕ, ਮਸਤਕ 'ਚ ਉੱਗਿਆ ਹੈ
ਬੇਬਹਾਰਾ ਕੈਟਕਸ
ਸੁੱਕ ਗਈ ਹੈ ਦੇਹ 'ਚ ਵਗ ਰਹੀ ਨਦੀ

.... .... ....

ਫਿਰ ਰਹੀ ਹੈ ਅਗਨ ਦਰ ਬਦਨ
ਹੱਥਾਂ 'ਚ ਲੈ ਕੇ ਹੱਡ ਬਲਣ ਲਈ

ਅਤੇ ਜਾਂ

ਹਵਾ ਦੀ ਜੀਭ ਤੇ
ਛਾਲਿਆਂ ਦੀ ਪੈਂਤੀ ਅੱਖਰੀ ੜਰੀਟੀ ਹੈ

.... ..... ....

ਇਥੇ ਕਵੀ ਏਸ ਕੁਟਲ ਸਥਿਤੀ ਦਾ ਦਰਸ਼ਕ ਵੀ ਹੈ, ਭੋਗੀ ਵੀ ਹੈ ਵਿਆਖਿਆਕਾਰ ਤੇ ਆਲੋਚਕ ਵੀ ਹੈ। ਇਸ ਨੂੰ ਚੌਹਰੇ ਰੂਪ ਵਿਚ ਭੋਗਣ ਵਾਲਾ ਹੈ। ਇਹ ਸੰਕਟ ਕਾਲੀਨ ਸਥਿਤੀ ਆਧੁਨਿਕ ਮਨੁੱਖ ਦੀ 'ਡੈਥਵਿਸ਼' ਤੇ 'ਵਿਲ ਟੂ ਸਰਵਾਈਵ' ਵਾਲੀ ਦੋਹਰੀ ਦਸ਼ਾ ਦੀ ਹੀ ਪ੍ਰਤੀਕਰਮ ਹੈ। ਉਹ ਸ੍ਰਿਸ਼ਟੀ 'ਚ ਮਨੁੱਖੀ ਵਿਨਾਸ਼ ਲਈ ਮਾਰੂ ਅੰਡੰਬਰ ਵੀ ਉਸਾਰੀ ਜਾਂਦਾ, ਆਪਣੇ ਅਸਤਿਤ੍ਵੀ ਬਚਾਅ ਲਈ ਵਿਧੀਆਂ ਵੀ ਢੂੰਡਦਾ/ਭਾਲਦਾ ਫਿਰਦਾ ਹੈ।

ਮਾਸ ਮਸ਼ੀਨ ਕਲਚਰ ਦੇ ਮਾਰੂ ਪ੍ਰਭਾਵ ਨਾਲ ਮਨੁੱਖ ਨਾਲ ਸੰਬੰਧਤ ਹਰ ਸ਼ੈ ਸੁਆਸਹੀਣ ਤੇ ਆਤਮਹੀਣ ਪਲਾਸਟਿਕ ਦਾ ਪਲੰਦਾ ਬਣ ਗਈ ਹੈ। ਇਹ ਸਤਰਾਂ ਪੜ੍ਹੋ :

ਉਮਰ ਤੇ ਮੌਤ ਮਨਫ਼ੀ ਹਨ ਮੇਰੇ 'ਚੋਂ
ਮੇਰੀ ਦੇਹ ਹਵਾ ਪਾਣੀ, ਅੱਗ ਅਕਾਸ਼ ਮਿੱਟੀ
ਦੇ ਅਸਰ ਤੋਂ ਮੁਕਤ ਹੈ
ਮੈਂ ਪਲਾਸਟਿਕ ਦੀ ਪ੍ਰਕਿਰਤੀ 'ਚ ਵਿਚਰਦਾ
ਆਪਣੇ ਕਰਮ ਫਲ ਤੋਂ ਸੰਤੁਸ਼ਟ ਹਾਂ

ਇਹ ਸਥਿਤੀ ਦੋ ਧਾਰੀ/ਦੋ ਅਰਥੀ ਹੈ, ਸਮਝੌਤਾਕਾਰ ਅਤੇ ਸਮਝੌਤਾ-ਵਿਰੋਧੀ ਕਟਾਖਸ਼ੀ ਸਥਿਤੀ। ਮਾਸ ਮਸ਼ੀਨ ਕਲਚਰ, ਕਾਊਂਟਰ ਕਲਚਰ ਹੋਣ ਕਰਕੇ ਪਲਾਸਟਕੀ ਮਨੁੱਖ, ਪਲਾਸਟਕੀ ਪ੍ਰਕਿਰਤੀ ਅਤੇ ਪਲਾਸਟਕੀ ਸਭਿਅਤਾ ਨੂੰ ਹੀ ਜਨਮ ਦੇ ਸ਼ਕਦਾ ਹੈ, ਹੋਰ ਕੀ ਮੱਲ ਮਾਰ ਸਕਦਾ ਹੈ ?

ਪਰ ਕੀ ਏਸ ਪ੍ਰਤੀ ਸਮਝੌਤਾਕਾਰ ਨਹੀਂ; ਵਿਦਰੋਹੀ ਹੈ :
ਕਿ ਸਾਰਾ ਜਿਸਮ ਆਪਣਾ
ਦੁਬਾਰਾ ਪਿੰਜ ਕੇ ਕੱਤਿਆ
ਕਿ ਬਿੰਦੂ ਫੈਲ ਕੇ ਦਾਇਰਾ ਬਣੇ
ਨਾ ਕਿ ਦਾਇਰਾ ਸੁੰਗੜ ਕੇ ਅਰਥਹੀਣ ਬਿੰਦੂ
ਕਵੀ-ਰੂਪ 'ਚ ਆਧੁਨਿਕ ਮਨੁੱਖ ਦੀ ਆਲੋਚਨਾ ਦਾ ਚੌਥਾ-ਰੋਲ

ਨਿਭਾਉਂਦਾ ਉਹ ਆਪਣੀ ਮੈਂ ਦਾ ਉਸ ਨਾਲ ਵਿਥੀਕਰਣ (ਡਿਸਟੈਂਸ) ਸਥਾਪਤ ਕਰ ਲੈਂਦਾ ਹੈ ਅਤੇ ਤੀਸਰੇ ਪਾਤਰ ਵਾਂਗ ਉਸਦੀ ਬੇਲਾਕ ਆਲੋਚਨਾ ਕਰਦਾ ਹੈ। ਦੋ ਟੂਕਾਂ ਹੋਰ ਦੇਖੋ :

ਬੜਾ ਕੁੱਝ ਪਿੱਠ ਪਿੱਛੇ ਬੀਜਿਆ ਅਧੂਰਾ ਹੈ
ਬੜਾ ਕੁੱਝ ਭਵਿੱਖ ਦੇ ਮੱਥੇ 'ਚ
ਮਨੁੱਖੀ ਕਦਮ-ਬੋਸੀ ਲਈ
ਤ੍ਰਿਹਾਇਆ ਤੇ ਅਧੂਰਾ ਹੈ
... ... ...
ਤਮਾਮ ਬਨਸਪਤ
ਲਹੂ ਮਾਸ ਦੀ ਸਿਰਜਨਾਤਮਕ ਕਿਰਿਆ ਤੋਂ
ਪਲਾਸਟਿਕ-ਬਨਸਪਤ 'ਚ ਰੂਪਾਂਤ੍ਰਤ ਹੋ ਗਈ ਹੈ
ਤੇ ਅਰਸਤੂ ਦਾ ਕਾਵਿ-ਸ਼ਾਸਤਰ
ਅਜੋਕੇ ਵਿਗਿਆਨਕ ਅਨੁਭਵ ਤੋਂ
ਬਹੁਤ ਪਿੱਛੇ ਰਹਿ ਗਿਆ

ਇਸ ਤਰ੍ਹਾਂ ਅਜੋਕੀ ਯੁੱਗ-ਚੇਤਨਾ-ਸੰਧਰਭ 'ਚ ਆਧੁਨਿਕ ਮਨੁੱਖ ਦੇ ਖੋਖਲੇਪਨ ਤੇ ਟਕੋਰਾਂ ਲਾਉਂਦਾ ਉਹ ਆਪਣੇ ਸੋਮੇਂ (ਜੜ੍ਹਾਂ) ਤੱਕ ਵੀ ਪੁੱਜਣਾ ਚਾਹੁੰਦਾ ਹੈ। ਸਵੈ ਤੋਂ ਸੰਸਾਰ ਤੀਕਰ ਵੀ :

ਮੈਂ ਬਿਖਰੀ ਜ਼ਿੰਦਗੀ 'ਚੋਂ ਸਬੂਤਾ ਆਦਮੀ
ਤੇ ਤਿੜਕੇ ਮਨੁੱਖ 'ਚੋਂ
ਸਾਲਮ ਜ਼ਿੰਦਗੀ ਸਿਰਜਦਾ ਹਾਂ
ਸਫ਼ਰ ਆਪਣੇ ਤੱਕ ਪਰਤਣ ਤੋਂ ਅਗੇਰੇ ਦਾ ਹੈ

ਅਤੇ ਜਾਂ

ਮਨੁੱਖ ਸਵੈ ਹੀ ਕਾਰਨ ਹੈ
ਆਪਣੀ ਚੁੱਪ, ਚੀਕ, ਦਵੰਦ
ਸਰਲਤਾ, ਰੌਸ਼ਨੀ, ਹਨ੍ਹੇਰੇ ਦਾ
ਆਪਣੇ ਆਪ ਦਾ, ਆਪਣੇ ਵਿਸਥਾਰ ਦਾ

ਅਤੇ ਜਾਂ

ਮੇਰੀ ਅੱਖ ਦੇ ਸ਼ੀਸ਼ੇ 'ਚ
ਬੰਦੇ ਤੋਂ ਉੱਚਾ ਨਹੀਂ ਕੋਈ ਖ਼ੁਦਾ

ਪੁਸਤਕ 'ਚ ਪ੍ਰਗਟਾਏ ਕਵੀ ਅਨੁਭਵ ਅਤੇ ਅਰਥ-ਅਡੰਬਰ ਬਾਰੇ ਇੰਨੀ ਵਿਸਤ੍ਰਿਤ-ਚਰਚਾ ਕਰਨ ਪਿਛੋਂ, ਏਸ ਕਵਿਤਾ ਦੇ ਭਾਸ਼ਕ-ਪੱਖ ਦੇ ਪ੍ਰਤੀਨਿਧ-ਸਵਰਾਂ ਬਾਰੇ ਚਰਚਾ ਕਰਨੀ ਵੀ ਜ਼ਰੂਰੀ ਬਣਦੀ ਹੈ। ਕਵੀ ਚਰਨ

ਸਿੰਘ ਨਵੇਕਲੇ ਹਸਤਾਖਰਾਂ ਵਾਲਾ ਕਵੀ ਹੈ।ਉਸਦੀ ਕਵਿਤਾ ਆਪਣੀ ਤਰ੍ਹਾਂ ਦੀ ਆਪ ਹੈ। ਇਹ ਠੀਕ ਗੱਲ ਹੈ ਕਿ ਆਮ ਕਵੀ ਕਈ ਵਾਰ ਸਿੱਧੇ ਜਾਂ ਪ੍ਰੋਖ ਰੂਪ ਵਿਚ ਆਪਣੇ ਪਹਿਲਿਆਂ ਜਾਂ ਸਮਕਾਲੀ ਕਵੀਆਂ ਦੇ ਪ੍ਰਭਾਵਾਂ ਨੂੰ ਕਬੂਲ ਲੈਂਦੇ ਹਨ ਪਰ ਜਿੰਨਾ ਉਹ ਦੂਜਿਆਂ ਦੇ ਪ੍ਰਭਾਵਾਂ ਤੋਂ ਬਚ ਕੇ ਕਾਵਿ ਸਿਰਜਣਾ ਕਰਨ, ਕਵੀ ਦੇ ਰੂਪ ਵਿਚ ਇਹ ਉਨ੍ਹਾਂ ਦੀ ਸਫਲਤਾ ਦਾ ਰਾਜ਼ ਹੁੰਦਾ ਹੈ। ਚਰਨ ਸਿੰਘ ਦੀ ਕਵਿਤਾ ਦਾ ਬੋਲ ਆਪਣਾ ਹੈ, ਮਾਡਲ ਪੈਟਰਨ ਤੇ ਸਟਰਕਚਰਲ ਵਿਧਾਨ ਆਪਣਾ ਹੈ। ਕਿਸੇ ਹੋਰ ਕਵੀ ਦੀ ਕਵਿਤਾ ਨਾਲ ਉਸਦਾ ਬਿਆਨ ਤੇ ਸਟਰਕਚਰਲ ਵਿਧਾਨ ਮੇਲ ਨਹੀਂ ਖਾਂਦਾ। ਆਪਣੇ ਨੰਗੇ ਪਿੰਡੇ ਤੇ ਜਿਸ ਤਰ੍ਹਾਂ ਦਾ ਅਨੁਭਵ ਉਸਨੇ ਜੀਊਂ ਹੰਢਾ ਕੇ ਰਚਨਾ ਕੀਤੀ ਹੈ ਉਸਦਾ ਯਤਨ ਸੱਚਾ ਤੇ ਸੁਹਿਰਦ ਜਾਪਦਾ ਹੈ, ਇਹ ਡੂੰਘੇ ਅਨੁਭਵ (ਡੀਪ ਐਕਸਪੀਰੀਐਂਸ) ਤੇ ਡੂੰਘੇ ਚਿੰਤ੍ਨ ਵਾਲੀ 'ਇਨਟੀਮੇਟ ਕਵਿਤਾ' ਹੈ। ਉਸਦੇ ਆਪਣੇ ਹੱਡਾਂ ਤੇ ਹੀ ਵਿਚਰ ਕੇ ਹੰਡਾਇਆ ਅਨੁਭਵ ਤੇ ਚਿੰਤਨ ਨਿਰੋਲ ਪੱਛਮੀ ਮਨੁੱਖ ਦਾ ਚਿੰਤਨ ਹੀ ਨਹੀਂ, ਸਗੋਂ ਪੂਰਬ ਪੱਛਮ ਦੇ ਸਮੁੱਚੇ ਆਧੁਨਿਕ ਮਨੁੱਖ ਦਾ ਅਨੁਭਵ ਬਣ ਨਿਬੜਿਆ ਹੈ।

ਕਵੀ ਦਾ ਕਲਾ ਪੈਟਰਨ, ਸਟਰਕਚਰਲ ਤੇ ਬਿੰਬ-ਵਿਧਾਨ ਸਭ ਕੁੱਝ ਬੜਾ ਨਵਾਂ ਤੇ ਸਵੱਛ ਹੈ। ਉਸਦਾ ਬਿੰਬ ਵਿਹਾਰ ਬੜਾ ਨਵਾਂ ਨਰੋਆ, ਜਾਨਦਾਰ ਅਤੇ ਤਾਲ ਨਵੇਕਲੀ ਭਾਂਤ ਦਾ ਤਾਲ ਹੈ। ਦੇਖੋ ਉਦਾਹਰਣ :

ਸ਼ਹਿਰ ਦੀ ਛਾਤੀ 'ਚ ਦਾਗਿਆ ਲੋਹਾ
ਤੇ ਲਹੂ ਦੀਆਂ ਛਿੱਟਾਂ
ਮੇਜ਼ ਤੇ ਘੁੰਮ ਰਹੀ ਗਲੋਬ ਤੇ ਜਾ ਪਈਆਂ
ਗੋਲੀਆਂ ਦੇ ਨਿਸ਼ਾਨ
ਅਜੋਕੇ ਮਨੁੱਖ ਦੇ ਮੂੰਹ ਤੇ
ਚੇਚਕ ਵਾਂਗ ਨਿਕਲ ਆਏ

ਤੇ ਜਾਂ

ਅੱਖ ਪੱਥਰਾ ਗਈ
ਕੰਨ 'ਚ ਲੋਹਾ ਢਲ ਗਿਆ
ਸ਼ਬਦ ਅਰਥ ਹਨ ਜੰਮ ਗਏ ਲਹੂ ਵਾਂਗ
.... .... ....
ਲਹੂ ਨਾਲ ਭਿਜ ਗਿਆ ਹੈ ਦਿਨ
ਰਾਤ ਦੀ ਬੁੱਕਲ 'ਚ
ਛੱਲਣੀ ਛੱਲਣੀ ਹੋ ਗਿਆ ਹੈ ਸਮਾਂ

ਕਵੀ ਦੀ ਕਵਿਤਾ ਨਾ ਇਕੱਲੇ ਦਿਲ ਦੀ, ਨਾ ਇਕੱਲੇ ਦਿਮਾਗ

ਦੀ ਕਵਿਤਾ ਹੈ, ਸਗੋਂ ਦਿਲ ਦਿਮਾਗ ਦੋਹਾਂ ਦੀ ਸਾਂਝੀ ਕਵਿਤਾ ਹੈ। ਇਹ ਮੁਰਦਾ ਨਹੀਂ, ਜੀਵਤ ਕਵਿਤਾ ਹੈ। ਇਹ ਕਵਿਤਾ ਸਾਨੂੰ ਪੋਟਿਆਂ ਨਾਲ ਛੋਂਹਦੀ, ਟੋਂਹਦੀ, ਕੁਤਕੁਤਾਰੀਆਂ ਕੱਢਦੀ, ਚੂੰਢੀਆਂ ਭਰਦੀ ਤੁਰੀ ਜਾਂਦੀ ਹੈ। ਇਹ ਕਦੇ ਸਾਡੀ ਨਬਜ਼ ਤੇ ਹੱਥ ਧਰਦੀ, ਕਦੇ ਦਿਲ ਨੂੰ ਹੌਲੀ ਤੇ ਤੇਜ਼ ਧੜਕਾ ਕੇ, ਇਸਦੇ ਹੱਥ ਤੇ ਕੰਨ ਧਰ ਕੇ ਕਦੇ ਇਸਦਾ ਰੁਦਨ, ਕਦੇ ਸੰਗੀਤ ਸੁਣਨ ਲੱਗ ਪੈਂਦੀ ਹੈ। ਐਸੀ ਕਾਵਿਕ ਛੋਹ ਤੇ ਫੀਲ ਜੇ ਤਰਲ-ਅਨੁਭਵੀ ਤੀਬਰਤਾ ਕਰਕੇ ਹੀ ਹੈ ਤਾਂ ਭਾਸ਼ਕ ਤਰਲਤਾ ਫੀਲ ਤੇ ਸੁੰਦਰ ਸ਼ਬਦ-ਜੜ੍ਹਤ ਕਰਕੇ ਵੀ ਹੈ :

ਝਿਲਮਿਲਾ ਰਹੀ ਮੱਛੀ ਦੀ ਅੱਖ 'ਚ
ਸੁੱਕਾ ਸਮੁੰਦਰ
ਹੈ ਸੂਲੀ ਲਟਕਦਾ ਸਫ਼ਰ
ਪੱਥਰ ਦੇ ਮਸਤਕ 'ਚ
ਪੌਣ ਦੇ ਪੈਰੀਂ
ਘੁੰਗਰੂਆਂ ਦੀ ਥਾਂ
ਅੰਗਿਆਰ ਦਿਸ ਰਹੇ
.... ... ...
ਮਸਤਕ 'ਚ ਜ਼ਖਮ ਬਣ ਕੇ
ਉੱਗੀ ਹੈ ਕਲੀ ਕੋਈ
ਫਿਰ ਸਫ਼ਰ ਦੀ ਸੂਲੀ ਤੇ
ਲਟਕੀ ਹੈ ਗਲੀ ਕੋਈ
.... .... ....
ਚਿੱਥੀਆਂ ਨੇ ਬੂਟਾਂ ਨੇ ਤਲੀਆਂ ਸ਼ਹਿਰ ਦੀਆਂ
ਧੁੰਨੀ ਤਕ ਉਧੜੀਆਂ ਨੇ ਗਲੀਆਂ ਸ਼ਹਿਰ ਦੀਆਂ
.... .... ....
ਇਕ ਗੀਤ ਚੁੱਪ ਦਾ
ਹਨ੍ਹੇਰੀ ਰਾਤ 'ਚ ਉਨ੍ਹਾਂ ਨੇ ਗਾਇਆ ਹੈ
ਕਿ ਹਰ ਇਕ ਫੁੱਲ ਦੇ ਮੱਥੇ 'ਚ
ਪੱਥਰ ਉੱਗ ਆਇਆ ਹੈ

ਇਹ ਹੈ 'ਸ਼ੁੱਧ-ਫੀਲ' ਤੇ ਤੀਬਰ ਅਹਿਸਾਸ ਦੀ ਕਵਿਤਾ, ਤੀਬਰ ਭਾਵਨਾ ਵਾਲੀ ਕਵਿਤਾ, ਜਿਸ 'ਚ ਭਾਸ਼ਾ ਤੇ ਕਵਿਤਾ ਇਕ ਸੁਰ, ਇਕ ਜਾਨ ਹੋਈਆਂ ਮਿਲਦੀਆਂ ਨੇ। ਇਹ ਆਧੁਨਿਕ ਸੰਵੇਦਨਾ ਦੀ 'ਸ਼ਰੋਮਣੀ ਕਾਵਿ-ਧਾਰਾ' ਦੀ ਕਵਿਤਾ ਹੈ।

ਕਵੀ ਦੀ ਬਿੰਬ ਜੜ੍ਹਤ ਬਨਾਵਟੀ ਤੇ ਸਜਾਵਟੀ ਨਹੀਂ, ਅਹਿਸਾਸ

ਪ੍ਰਗਟਾਵੇ ਦੀ ਲੋੜ 'ਚੋਂ ਉਪਜੀ ਸ਼ੈਅ ਹੈ। ਇਸੇ ਲਈ ਉਸਦੇ ਭਾਸ਼ਕ ਪ੍ਰਯੋਗ 'ਚ ਨਿਘੱਰਤਾ, ਠੋਸਪੁਣਾ ਤੇ ਜਾਨ ਹੈ। ਇਕ ਹੋਰ ਭਾਸ਼ਕ ਮਾਡਲ ਪ੍ਰਸਤੁਤ ਹੈ

ਮੇਰੇ 'ਚੋਂ
ਜਿੰਨੀਆਂ ਵੀ ਮੰਜ਼ਲਾਂ ਜਨਮੀਆਂ
ਮੇਰੇ 'ਚੋਂ
ਜਿੰਨੇ ਵੀ ਮੁਸਫ਼ਰ ਸਫ਼ਰ ਹੋਏ
ਮੈਂ—
ਉਨ੍ਹਾਂ ਦੀ ਕੰਡ ਤੇ ਲਿਖਿਆ ਹਰਫ਼ ਹਾਂ
ਉਨ੍ਹਾਂ ਦੇ ਚਿਹਰਿਆਂ 'ਚੋਂ
ਮਨਫ਼ੀ ਨਕਸ਼ ਹਾਂ

ਚਰਨ ਸਿੰਘ ਨੂੰ 'ਬਿੰਬ-ਭਾਸ਼ਕ' ਕਵੀ ਆਖਣਾ ਗਲਤ ਨਹੀਂ ਹੋਵੇਗਾ। ਉਹ ਕਵਿਤਾ ਨੂੰ ਬਿੰਬ-ਭਾਸ਼ਾ ਰਾਹੀਂ ਸੋਚਦਾ/ਮਹਿਸੂਸਦਾ/ਗਰਭਤ ਕਰਦਾ ਸਿਰਜਣ ਕਰਮ ਨੇਪਰੇ ਚਾੜ੍ਹਦਾ ਹੈ। ਉਸਦੀ ਨਜ਼ਰ ਅਤੇ ਸਿਮਰਤੀ 'ਚ ਹਰ ਪਾਸੇ ਬਿੰਬ ਖਿਲਰੇ ਪਏ ਨੇ। ਦਿਲ ਦਿਮਾਗ 'ਚ ਖਿਲਰੇ ਪਏ, ਸਾਹਾਂ ਤੇ ਲਹੂ 'ਚ ਖਿਲਰੇ ਪਏ ਨੇ। ਸੁਰਤੀਆਂ ਸਰੋਤਾਂ 'ਚ ਖਿਲਰੇ ਪਏ ਨੇ। ਇਹੀ ਵਿਸ਼ਾਲ ਬਿੰਬ-ਪੈਟਰਨ/ਬਿੰਬ-ਪਰਾਡਾਈਮ ਕਈ ਵਾਰ ਉਸ ਵਿਚਲੇ ਕਵੀ ਨੂੰ ਦਾਰਸ਼ਨਿਕ ਭਾਸ਼ਾ 'ਚ ਸੋਚਣ, ਉਸ ਕੋਲੋਂ ਫਿਲਾਸਫਰਾਂ ਵਾਂਗ ਗੱਲਾਂ ਕਰਵਾਉਣ ਲੱਗ ਪੈਂਦਾ ਹੈ :

ਰੌਸ਼ਨੀ ਤੇ ਉਸ ਵਿਚਕਾਰ ਹਨ੍ਹੇਰ ਸੀ
ਜਿਸ ਨੂੰ ਤੈਰਦੇ ਹੀ ਤੈਰਦੇ
ਤਲੀ 'ਤੇ ਟਿਕਿਆ ਜੀਵਨ
ਉਂਗਲਾਂ 'ਚੋਂ ਹਵਾ ਹੁੰਦਾ ਜਾ ਰਿਹਾ ਸੀ
ਉਸਦਾ ਵੱਡਾ ਕੀਤਾ ਦਿਨ
ਆਪਣੇ ਹੀ ਪੈਰੀਂ ਡੁੱਬ ਗਿਆ ਸੀ
ਤੇ ਉਹ ਬਿਨ ਵਕਤਾ ਕਲਾਕ ਬਣ
ਸਮੇਂ ਦੀ ਅੱਖ 'ਚ
ਦਿਸ਼ਾਹੀਣਤਾ ਦੀ ਨਾਵਾਕਿਫ ਜੂਨ ਚਿਥ ਰਿਹਾ ਸੀ

ਕਾਵਿ-ਭਾਸ਼ਾ 'ਚ ਰਬੜ ਵਰਗੀ ਲਚਕਤਾ ਭਰਨੀ, ਉਸ ਨੂੰ ਸਪ੍ਰਿੰਗਾਂ ਵਾਂਗ ਫੈਲਾਣਾ/ਸੁਕੇੜਨਾ ਕਵੀ ਦਾ ਭਾਸ਼ਕ ਕਮਾਲ ਹੈ। ਕਾਵਿ ਬੰਦਸ਼ 'ਚ

ਚੁਸਤੀ ਹੈ, ਭਾਸ਼ਕ ਪ੍ਰਬੰਧ ਵਿਚ ਰਵਾਨੀ ਹੈ। ਇਕ ਨਵੀਂ ਭਾਂਤ ਦੀ ਭਾਸ਼ਕ-ਸਮਾਸ ਸਿਰਜਣਾ ਦੇਖੋ :

ਉਂਗਲਈ-ਅੱਖੀਂ ਸ਼ੀਸ਼ੇ ਲਾ
.... .... ....
ਕਿ ਧਰਤਈ-ਥਾਲ 'ਚ ਉੱਗਿਆ ਜੰਗਲ
.... .... ....
ਅਰਥਈ-ਲਾਸ਼ਾਂ ਦਾ
... .... ....
ਜੰਗਲੀ-ਤੰਤਰੀ ਭਾਸ਼ਾ ਦੇ ਨਾਲ
.... .... ....
ਦਰਿਆਈ ਜਿਸਮ
.... .... ....
ਮੁੜ੍ਹਕਈ-ਫੁੱਲ ਬੀਜੇ ਹਨ
.... .... ....
ਆਪਣਾ ਸ਼ਬਦਈ-ਜੁੱਸਾ ਪਹਿਨ ਆਉਂਦਾ ਹਾਂ

ਇਕ ਹੋਰ ਤਰ੍ਹਾਂ ਦਾ ਭਾਸ਼ਕ ਪੈਰਾਡਾਈਮ ਦੇਖੋ :

ਹਵਾ ਦੀ ਜੀਭ ਤੇ
ਛਾਲਿਆਂ ਦੀ ਪੈਂਤੀ ਅੱਖਰੀ ਝਰੀਟੀ ਹੈ
ਨੱਕ ਤੇ ਚੁੱਕਿਆ ਹੈ ਮੈਂ
ਅਲਫ਼ ਤੋਂ ਨਿਅਲਫ਼ ਦਾ ਭਾਰ

ਬੜਾ ਚਿਰ ਹੋਇਆ, ਮੈਂ ਆਪਣੇ ਕਿਸੇ ਕਾਵਿ-ਸੰਕਲਨ ਦੀ ਭੂਮਿਕਾ 'ਚ ਸ਼ੁੱਧ ਅਤੇ ਕਨਕਰੀਟ ਕਵਿਤਾ ਬਾਰੇ ਗੱਲ ਕੀਤੀ ਸੀ। ਹੱਥਲੇ ਸੰਕਲਨ 'ਚ ਇਨ੍ਹਾਂ ਦੋਹਾਂ ਕਾਵਿ-ਵੰਨਗੀਆਂ ਦੇ ਸੁੰਦਰ ਨਮੂਨੇ ਦੇਖੋ :

ਵਰ੍ਹਿਆਂ ਦੇ ਗਜ਼ਾਂ ਨਾਲ ਨਾਪਦੇ ਹੋ
ਚਾਨਣ ਦੀ ਉਮਰ
ਸ਼ਬਦਾਂ ਦੇ ਤਰਾਜ਼ੂ 'ਚ ਤੋਲਦੇ ਹੋ
ਅਰਥਾਂ ਦਾ ਭਾਰ

ਕਨਕਰੀਟ ਬਿੰਬਾਂ ਦੇ ਨਮੂਨੇ ਦੇਖੋ :

ਕੰਢੇ ਰਹਿਤ ਨਦੀ ਦੀ ਅਨੰਨਤਾ
ਪਲਾਸਟਿਕ ਜੀਭ ਨਾਲ ਚੱਖ ਸਕਦਾ ਹੈ

ਪਲਾਸਟਕੀ ਦੰਦਾਂ 'ਚ ਚਿਥ ਸਕਦਾ ਹੈ
.... .... ....
ਸੁਕ ਗਈ ਹੈ ਦੇਹ 'ਚ ਵਗ ਰਹੀ
ਇਕਹਿਰੇ ਕੰਢੇ ਦੀ ਨਦੀ
ਤਿੜਕ ਗਏ ਹਨ ਅੱਖੀਆਂ ਦੇ ਪੱਥਰ
ਦੇਹ ਵਾਸ਼ਪੀ ਕਰਨ ਪਿੱਛੋਂ
.... .... ....
ਲਹੂ ਮਾਸ ਦੇ ਰੰਗ ਦਾ ਮਹਾਨ ਖੋਜੀ
ਪਲਾਸਟਿਕ ਦੇ ਅੰਗਾਂ ਤੇ ਰਿਸ਼ਤਿਆਂ 'ਚ ਘਿਰਿਆ
.... .... ....
ਖੋਪਰੀ 'ਚ ਉੱਗੇ, ਨਜ਼ਰ 'ਚ ਫੈਲੇ
ਪਲਾਸਟਿਕ ਦੇ ਜੰਗਲ
.... .... ....
ਫਰਸ਼ ਦੀ ਜੀਭ ਤੇ ਸਲਾਭੇ ਬੋਲ
ਤਿੜਕੇ ਤਿੜਕੇ ਖਿਲਰੇ ਸ਼ਬਦਈ-ਖੋਲ
.... .... ....
ਮੈਂ ਆਪਣਾ ਚਿਹਰਾ ਖੂਹ ਵਾਂਗ
ਸੁੱਕੇ ਪਾਣੀ ਦੇ ਦਰਪਣ 'ਚੋਂ
ਰੂਹ ਤਕ ਝਰੀਟ ਲਿਆ
ਇਹ ਜਿਸਮ ਸਾਲਮ ਪਿੰਡੇ ਦੀ ਮੈਲ ਜਿਹਾ
.... .... ....
ਜਿਸਮ ਤੇ ਤੁਪਕਾ ਰੂਪ 'ਚ ਪਏ ਹਨ
ਜਿਸਮ 'ਚੋਂ ਨੁਚੜੇ ਨਕਸ਼
.... .... ....
ਕਿ ਨਦੀ ਦਾ ਸੰਪੂਰਨ ਜਲ
ਛਾਲਾ ਬਣ ਮੇਰੀ ਜੀਭ ਤੋਂ ਉੱਗਿਆ ਹੈ
.... .... ....
ਚੌਰਾਹੇ ਦਾ ਫਰਸ਼
ਸਾਫ਼ ਨਿੱਤਰੀ ਸੋਚ ਵਰਗਾ ਸੀ

ਇਸ ਤਰ੍ਹਾਂ ਦੇ ਵਿਧਾਨ ਤੋਂ ਇਲਾਵਾ ਕਵਿਤਾ ਦਾ ਚੋਖਾ ਭਾਸ਼ਕ-ਵਿਧਾਨ ਐਬਸਟਰੈਕਟ ਤੇ ਅਮੂਰਤ ਵੀ ਹੈ ਜੋ ਉਸਦੀ ਕਵਿਤਾ ਦੇ ਬਿੰਬ-ਜੰਗਲ 'ਚ ਥਾਂ-ਥਾਂ ਖਿਲਰਿਆ ਪਿਆ ਹੈ। ਜੇ ਕਈ ਥਾਵੇਂ ਇਹ ਵਿਧਾਨ ਚੋਖਾ

ਸਟਲ, ਨਿਗਰ ਤੇ ਸੰਘਣੇ ਰੂਪ ਵਿਚ ਮਿਲਦਾ ਹੈ ਤਾਂ ਕਈ ਥਾਵੇਂ ਇਹ ਪੜ੍ਹ ਯਥਾਰਥਵਾਦ ਦੇ ਨੇੜੇ ਚਲਾ ਜਾਂਦਾ ਹੈ। ਇਹ ਭਾਸ਼ਕ ਵਿਹਾਰ ਕਈ ਥਾਏਂ ਨਾਟਕੀ ਤਤ੍ਵਾਂ ਨਾਲ ਵੀ ਉਤਖੋਤ ਮਿਲਦਾ ਹੈ ਜਿਸ ਦੁਆਰਾ ਆਡੋ ਵੀਯੂਅਲ ਭਾਸ਼ਕ ਵਿਧਾਨ ਹੋਂਦ-ਯੁਕਤ ਹੁੰਦਾ ਹੈ। ਉਦਾਹਰਣ ਲਈ ਪੜ੍ਹੋ ਉਸਦੀ ਕਵਿਤਾ—'ਪਿੱਛੇ ਦੌੜਦੇ ਸਾਏ' ਅਤੇ ਇਸ ਤਰ੍ਹਾਂ ਦੀਆਂ ਹੋਰ ਕਈ ਕਵਿਤਾਵਾਂ।

ਚਰਨ ਸਿੰਘ ਮੈਂ ਤੇ ਮਨੁੱਖ ਦਾ ਕਵੀ ਹੈ। ਉਸ ਦੀ ਕਵਿਤਾ 'ਚ ਸਮਾਂ ਵੀ ਮਨੁੱਖ ਹੈ, ਮਨੁੱਖ ਵੀ ਸਮਾਂ ਹੈ। ਅੰਤ ਵੀ ਆਦਿ ਹੈ, ਆਦਿ ਵੀ ਅੰਤ ਹੈ। ਚਿਹਰਾ ਵੀ ਸ਼ੀਸ਼ਾ ਹੈ, ਸ਼ੀਸ਼ਾ ਵੀ ਚਿਹਰਾ ਹੈ। ਬੀਜ ਵੀ ਰੁੱਖ ਹੈ, ਰੁੱਖ ਵੀ ਬੀਜ ਹੈ। ਤੁਪਕਾ ਵੀ ਸਮੁੰਦਰ ਹੈ, ਸਮੁੰਦਰ ਵੀ ਤੁਪਕਾ ਹੈ। ਰਸਤਾ ਵੀ ਰਾਹੀ ਹੈ, ਰਾਹੀ ਵੀ ਰਸਤਾ ਹੈ। ਸੱਚ ਵੀ ਭਰਮ ਹੈ, ਭਰਮ ਵੀ ਸੱਚ ਹੈ। ਵਿਅਕਤੀ ਵੀ ਸਮੂਹ ਹੈ, ਸਮੂਹ ਵੀ ਵਿਅਕਤੀ ਹੈ। ਹਾਂ ਵੀ ਨਾਂਹ ਹੈ, ਨਾਂਹ ਵੀ ਹਾਂ ਹੈ। ਇਸੇ ਲਈ ਇਹ 'ਸ਼ੂਨਯ-ਬੋਧ' ਦੀ ਕਵਿਤਾ ਹੈ। ਥਾਲੀ 'ਚ ਉੱਗੇ ਜੰਗਲ ਭਾਵ ਕਵਿਤਾ 'ਚ ਉੱਗੇ ਬਿੰਬਾਂ ਦੀ ਕਵਿਤਾ ਹੈ।

ਏਸ ਸੰਕਲਨ ਦੀ ਅੰਤਮ ਕਵਿਤਾ, ਕਵੀ ਨੇ ਪੰਜਾਬ/ਪੰਜਾਬੀ ਤੇ ਪੰਜਾਬੀਅਤ ਨੂੰ ਸਮਰਪਤ ਕਰਕੇ ਜੋ ਕੁਝ ਪੰਜਾਬ 'ਚ ਘਟ ਰਿਹਾ ਉਸ ਵਲੋਂ ਮਨ ਹੌਲਾ ਕੀਤਾ ਹੈ। ਇਹ ਕਾਵਿ-ਲੜੀਆਂ ਪੜ੍ਹ ਕੇ ਜਾਨਣਾ ਔਖਾ ਨਹੀਂ ਕਿ ਇਹ ਕਿਵੇਂ ਉਸਦੇ ਲਹੂ-ਲੁਹਾਣ ਦਿਲ 'ਚੋਂ ਉਪਜੀਆਂ ਨਿਸਰੀਆਂ ਨੇ। ਪੰਜਾਬ ਦੇ ਵਰਤਮਾਨ ਸੰਕਟ ਦੇ ਸੰਧਰਭ 'ਚ ਜੋ ਕੁੱਝ ਸੋਚਦਾ ਜਿਵੇਂ ਅਹਿਸਾਸਦਾ ਚਰਨ ਸਿੰਘ ਲਹੂ-ਲੁਹਾਣ ਹੋਇਆ ਪਿਆ ਹੈ ਇਵੇਂ ਹੀ ਹਰ ਸੁਹਿਰਦ ਤੇ ਸੂਝਵਾਨ ਪੰਜਾਬੀ ਲਹੂ ਲੁਹਾਣ ਹੋਇਆ ਪਿਆ ਹੈ। ਇਹ ਕੁੱਝ ਘਟਦਾ ਦੇਖ ਕੇ ਜੋ ਕਲੇਸ਼ ਪ੍ਰਦੇਸ਼ ਵਸਦਾ ਚਰਨ ਸਿੰਘ ਹੰਢਾ ਰਿਹਾ ਹੈ ਉਹ ਕਲੇਸ਼ ਲਗਭਗ ਹਰ ਪੰਜਾਬੀ ਹੰਢਾ ਰਿਹਾ ਹੈ। ਇਸ ਲਈ ਇਨ੍ਹਾਂ ਕਵਿਤਾਵਾਂ ਬਾਰੇ ਬਹੁਤਾ ਲਿਖਣਾ ਵਾਧੂ ਬਿਆਨਬਾਜ਼ੀ ਵਰਗਾ ਹੋਵੇਗਾ।

**ਅਜਾਇਬ ਕਮਲ**

ਨੈਰੋਬੀ
ਦਸ ਨਵੰਬਰ 1986

## ਸ਼ਨਾਸਾ

ਮੇਰਾ ਸਵੈਰੂਪ
ਗੁਆਚ ਗਿਆ ਹੈ
ਮੇਰੀ ਦੇਹ ਦੇ ਖੂਹ ਅੰਦਰ
ਉਂਗਲਈ–ਅੱਖੀਂ ਸ਼ੀਸ਼ੇ ਲਾ
ਅੱਖੀਆਂ ਤੇ ਦਸਤਾਨੇ ਪਾ
ਲੱਭ ਰਿਹਾ ਹਾਂ
ਦਿਨੇ
ਅੰਨ੍ਹ ਦੀ ਇਕ ਗੋਲੀ ਚੋਂ
ਰਾਤ
ਸਕਾਚੀ ਸੜਦੇ ਜਲ ਚੋਂ

–0–

ਜ਼ਿੰਦਗੀ ਦੇ ਬੁੱਲ੍ਹੀਂ ਤੇ ਅੱਖੀਂ
ਪ੍ਰਸ਼ਨ–ਚਿੰਨ੍ਹਾਂ ਦੀ
ਸੂਲਾਂ ਵਰਗੀ
ਫ਼ਸਲ ਜਿਹੀ
ਇਕ ਉੱਗ ਪਈ ਹੈ
ਭਾਸ਼ਾ
ਆਪਣਾ ਜਿਸਮ ਉਤਾਰ
ਪਾਣੀ ਹੋਏ ਲੋਹੇ ਵਾਂਗੂੰ
ਸ਼ਬਦਾਂ ਤੇ ਅਰਥਾਂ ਦੇ
ਸਿਰ ਤੋਂ ਵਗ ਰਹੀ ਹੈ

–0–

ਮੇਰੀ ਸਖ਼ਸ਼ੀ
ਚੇਤਨਤਾ ਦੀ ਗਰਦਨ ਤੇ
ਪੈਰਾਂ ਹੇਠਲੀ ਮਿੱਟੀ ਦਾ
ਮਰੀਅਲ ਪਰ ਮੁਤਮਈਅਨ ਹਾਸਾ
ਨੇਜ਼ੇ ਤੇ ਤਲਵਾਰ ਬਣਕੇ
ਲਟਕ ਰਿਹਾ ਹੈ

–0–

ਮੈਂ
ਸ਼ਬਨਮ ਨੂੰ ਪੋਟੀਂ ਅਨੁਭਵਿਆ
ਪਰ ਦਰਿਸ਼ਟੀ ਨੂੰ
ਵਖਰੇਵੇਂ ਤੇ ਵਰਗੇਵੇਂ ਤੋਂ
ਹੋਰ ਵੱਧ ਕੁੱਝ ਨਜ਼ਰ ਨਾ ਆਏ
ਬਸ ਇਕ ਪੱਥਰ
ਬਾਰ-ਬਾਰ ਮਸਤਕ ਨੂੰ ਪਾੜੇ
ਤੇ ਭੁਰ ਜਾਏ
ਮੁਤੱਲਕਾ ਦੇਹ ਚੋਂ
ਚਸ਼ਮਾ-ਏ-ਤਸ਼ੱਖੁਸ
ਸੁੱਕਦਾ ਸੁੱਕਦਾ
ਸੁੱਕਦਾ ਜਾਏ

-0-

ਮੈਨੂੰ ਲੱਗੇ
ਅੱਖੀਆਂ 'ਚ ਗੁਆਚੇ
ਅੱਥਰੂ ਤੋਂ ਵੱਧ ਕੁੱਝ ਨਹੀਂ ਮੈਂ
ਜੀਵਨ ਰੁੱਖ ਦਾ
ਹਾਂ ਇਕ ਪੱਤਾ
ਉਮਰ ਜਿਹਦੀ ਹੈ
ਰੁੱਤਾਂ ਆਪਣੇ ਪੈਰੀਂ ਬੰਨ੍ਹੀਂ
ਡਿਸਕੋ ਦੇ
ਸੱਜਰੇ ਰੌਲੇ ਵਿਚ
ਆਪਣੀ ਹੀ ਅਵਾਜ਼ ਸੁਣਨ ਲਈ
ਜੀਭਾ ਕਹਿਣੇ
ਮੇਰੇ ਕੰਨਾਂ ਕਈ ਵਾਰੀ ਹੈ
ਫਾਂਸੀ ਚੁੰਮੀ

-0-

ਹੁਣ ਤੇ
ਨੱਕ ਦੀ ਸੇਧੇ ਜਾਣਾ ਵੀ ਲੱਗਦਾ ਹੈ
ਆਪਣੇ ਘਰ ਤੋਂ
ਆਪਣੇ ਘਰ ਵੱਲ ਪਰਤ ਰਹੇ ਹਾਂ
ਤੇ ਦੀਵਾਰ 'ਚ
ਇੱਟਾਂ ਵਾਂਗੂੰ ਚਿਣੇ ਗਏ ਹਾਂ
ਘਰ ਦੇ ਮੱਥੇ ਰੱਬੀ ਨਾਂ ਦੀ
ਖਾਲ਼ੀ ਇਕ
ਕਰਾਸ ਜਿਹੀ ਤੇ ਲਟਕ ਰਹੇ ਹਾਂ
ਚੇਤਨ ਹੁੰਦਿਆਂ ਭੁੱਲ ਗਏ ਹਾਂ
ਘਰ ਦਾ ਨਿੱਘ ਤਾਂ
ਪ੍ਰਯੋਗਸ਼ਾਲਾ ਵਿਚ ਜੰਮਣੋਂ ਪਹਿਲਾਂ
ਮਿੱਟੀ ਦੇ ਵਿਚ ਮਿੱਟੀ ਵਾਂਗੂੰ
ਪਾਣੀ ਦੇ ਵਿਚ
ਪਾਣੀ ਵਾਂਗ ਗੁਆਚ ਗਿਆ ਸੀ

-0-

ਬੋਧ-ਕੇਂਦਰ ਨੇ
ਜਿਸਮ ਦੀ ਬਣਤਰ ਬਦਲ ਲਈ ਹੈ
ਸ਼ੀਸ਼ੇ ਦੀ ਕੰਡ ਚੋਂ
ਆਪਣੇ ਸਿਰ ਨੂੰ
ਆਪਣੀ ਪਿੱਠ ਤੇ ਸਾਜ ਲਿਆ ਹੈ

-0-

ਮੇਰਾ ਸਵੈ-ਰੂਪ
ਗੁਆਚ ਗਿਆ ਹੈ
ਮੇਰੀ ਦੇਹੀ ਦੇ ਖ਼ੂਹ ਅੰਦਰ
ਉਂਗਲਦੀ-ਅੱਖੀਂ ਸ਼ੀਸ਼ੇ ਲਾ
ਅੱਖੀਆਂ ਤੇ ਦਸਤਾਨੇ ਪਾ
ਲੱਭ ਰਿਹਾ ਹਾਂ
ਦਿਨੇ ਅੰਨ੍ਹ ਦੀ ਇਕ ਗੋਲੀ ਚੋਂ
ਰਾਤ ਸਕਾਚੀ ਸੜਦੇ ਜ਼ਲ ਚੋਂ

----

## ਦਾਇਰੇ ਦਾ ਖੇਤਰਫ਼ਲ

ਤੂੰ
ਜੋ ਦਾਇਰੇ ਵਾਹ ਗਿਆ ਸੈਂ
ਉਹ ਤੇ ਪੂਰੇ ਨਹੀਂ
ਤੂੰ ਜੋ ਰੇਖ਼ਾ ਖਿੱਚ ਗਿਓਂ
ਭਾਸ਼ਾ ਦੀ ਮੇਰੇ ਦੁਆਲੇ
ਚਿੱਥਣ ਲਈ
ਇਕ ਉਮਰ ਭਰ
ਅਰਥਾਂ ਦਾ ਸਹਿਰਾ
ਉਹ ਤੇ ਰੇਖਾ
ਦੇਹ ਤੋਂ ਅੱਗ਼ੇ
ਰੂਹ ਤਕ ਜਾਂਦੀ ਨਹੀਂ

−0−

ਮੈਂ ਕੋਈ
ਟਹਿਣੀ ਜਾਂ ਪੱਤਾ ਨਹੀਂ
ਜੋ ਉਮਰ ਲਈ ਮੁਥਾਜ਼ ਹੈ
ਹਵਾ ਦੇ ਅੱਥਰੇਪਣ ਦਾ
ਮੈਂ ਤਾਂ
ਹਰਿਆਵਲੇ ਬਾਸਾਂ 'ਚ
ਵਸਦੀ ਅੱਗ ਹਾਂ
ਹਵਾ ਦਾ ਸਾਹ ਉਖਾੜਣ ਲਈ
ਹਵਾ ਦਾ ਜਿਸਮ ਝੁਲਸਣ ਲਈ

−0−

ਤੂੰ
ਜੋ ਰੇਖਾ ਖਿੱਚ ਗਿਆ ਸੈਂ
ਗਤੀਹੀਣ ਹੋ ਗਈ ਹੈ
ਤੂੰ ਜੋ ਦਾਇਰੇ ਵਾਹ ਗਿਆ ਸੈਂ

ਸੁੰਘੜਦੇ ਹੀ ਸੁੰਘੜਦੇ
ਬੇਅਰਥ ਬਿੰਦੂ ਬਣ ਗਏ ਹਨ
ਮੈਂ ਨਜ਼ਰ ਚੋਂ ਨਿਚੋੜ ਕੇ
ਸਿਰਫ਼ ਤੱਕਣ ਦਾ ਕਸਬ
ਨਜ਼ਰ ਨੂੰ
ਸੋਚ ਕੇ ਤੱਕਣ ਲਈ
ਆਦਤਨ ਰਾਹਾਂ ਤੋਂ ਵੱਖਰੇ
ਸਿਰਜਕ
ਰਾਹਾਂ ਤੇ ਸੂਕਣੇ ਪਾ ਦਿੱਤਾ ਹੈ
ਤੇ ਸਾਰਾ ਜਿਸਮ ਆਪਣਾ
ਦੁਬਾਰਾ ਪਿੰਜ ਕੇ ਕੱਤਿਐ
ਕਿ ਬਿੰਦੂ
ਫੈਲ ਕੇ ਦਾਇਰਾ ਬਣੇ
ਨਾ ਕਿ ਦਾਇਰਾ ਸੁੰਘੜ ਕੇ
ਅਰਥਹੀਣ ਬਿੰਦੂ ਬਣੇ

-0-

ਭੁੱਲੇਖਾ ਹੈ
ਜੀਵਨ-ਪ੍ਰਿਜ਼ਮ ਚੋਂ
ਹਰ ਕਿਰਨ
ਨੱਬੇ ਦੇ ਐਂਗਲ ਤੋਂ ਮੁੜੇ
ਜ਼ੀਰੋ ਡਿਗਰੀ ਤੋਂ ਵੀ
ਮੁੜ ਸਕਦੀ ਹੈ ਤੇ ਮੁੜਦੀ ਹੈ
ਗੱਲ ਤਾਂ ਸਿਰਫ
A ਦੀ ਥਾਂ Z
ਤੇ Z ਦੀ ਥਾਂ A ਲਿਖਣ ਦੀ ਹੈ

ਧੁੱਪ ਚੋਂ ਛਾਂ ਮਾਨਣ ਦੀ
ਛਾਂ ਚੋਂ ਧੁੱਪ ਸੇਕਣ ਦੀ
ਪਹਿਨ ਕੇ ਕੱਚ ਦਾ ਜੁੱਸਾ
ਭੁਰਿਆ ਸੱਚ ਵੇਖਣ ਦੀ

-0-

ਤੂੰ
ਜੋ ਦਾਇਰੇ ਵਾਹ ਗਿਆ ਸੈਂ
ਉਹ ਤੇ ਪੂਰੇ ਨਹੀਂ
ਤੂੰ ਜੋ ਰੇਖਾ ਖਿੱਚ ਗਿਓਂ
ਭਾਸ਼ਾ ਦੀ ਮੇਰੇ ਦੁਆਲੇ
ਚਿੱਥਣ ਲਈ
ਇਕ ਉਮਰ ਭਰ
ਅਰਥਾਂ ਦਾ ਸਿਹਰਾ
ਉਹ ਤੇ ਰੇਖਾ
ਦੇਹ ਤੋਂ ਅੱਗੇ ਰੂਹ ਤੱਕ ਜਾਂਦੀ ਨਹੀਂ

-----

## ਮੀਲ-ਪੱਥਰ ਦਾ ਜਨਮ

ਹਵਾ ਦੀ ਪਿੱਠ
ਤੇ ਬੈਠਾ ਅਜੋਕਾ ਮਨੁੱਖ
ਹਵਾ ਦੀ ਗਤੀ ਤੋਂ ਅਸੰਤੁਸ਼ਟ
ਹੈ ਖ਼ੁਦ
ਆਪਣੇ ਵੇਗ ਦਾ ਵਿਦਰੋਹੀ
ਬੜਾ ਕੁੱਝ ਪਿੱਠ
ਪਿੱਛੇ ਬੀਜਿਆ ਅਧੂਰਾ ਹੈ
ਬੜਾ ਕੁੱਝ
ਭਵਿੱਖ ਦੇ ਮੱਥੇ 'ਚ
ਮਨੁੱਖੀ ਕਦਮ ਬੋਸੀ ਲਈ
ਤ੍ਰਿਹਾਇਆ ਹੈ ਅਧੂਰਾ ਹੈ

-0-

ਅਜੋਕੀ ਚੇਤੰਨਤਾ
ਤੱਕਲੇ ਦੀ ਨੋਕ ਤੇ
ਜੰਮਣ ਦੀ ਆਦੀ ਹੈ
ਜਿਸਮ ਚੋਂ ਬਾਹਰ ਬਹਿ
ਕੁਹਜ ਨੂੰ ਸੌਂਦਰਯ
ਸੌਂਦਰਯ ਨੂੰ ਵਿਗਿਆਨ 'ਚ ਬਦਲ
ਹਰ ਪਲ ਨਵੇਂ
ਮੀਲ-ਪੱਥਰ ਜਨਮ ਰਹੀ ਹੈ

-0-

ਗਿਆਨ ਤੋਂ
ਵਿਗਿਆਨ ਦਾ ਪੈਂਡਾ
ਮਨੁੱਖ ਆਪਣੀ ਲੰਬਾਈ ਤੋਂ ਵਧੇਰੇ ਤਹਿ ਕਰ
ਕਿਰਨਾਂ ਦੇ ਵਾਂਗੀਂ

ਜੁਗਨੂੰਆਂ ਵਾਂਗੂੰ
ਚਮਕਣ ਲਈ ਟੰਗ ਦਿੱਤਾ ਹੈ
ਕਿ ਧਰਤਈ-ਥਾਲ 'ਚ
ਉੱਗਿਆ ਜੰਗਲ
ਆਪਣੀ ਦੇਹ 'ਚ ਪਸਰੇ ਹਨ੍ਹੇਰੇ ਤੋਂ
ਅਣਜਾਣ ਨਾ ਰਹੇ

-0-

ਮਨੁੱਖ ਚੋਂ ਪ੍ਰਯੋਗਸ਼ਾਲਾ
ਪ੍ਰਯੋਗਸ਼ਾਲਾ ਚੋਂ ਮਨੁੱਖ
ਰੁੱਖ ਚੋਂ ਬੀਜ
ਬੀਜ ਚੋਂ ਰੁੱਖ
ਮੁਰਗੀ ਚੋਂ ਆਂਡਾ
ਆਂਡੇ ਚੋਂ ਮੁਰਗੀ ਦੇ ਬੁਝਾਰਤਕ
ਜਗਤ ਤੋਂ
ਸਥੂਲ ਨਰੋਏ ਸੱਚ ਦਾ
ਤੱਤਵ ਗਿਆਨ
ਮਨੁੱਖ ਦੇ ਸਮਤਕ ਚੋਂ
ਉਸਦੀ ਪਿੱਠ ਤੇ
ਵਿਗਿਆਨਕ ਅਰਥਾਂਵਲੀ 'ਚ
ਲਿਖਿਆ ਗਿਆ ਹੈ

-0-

ਤਮਾਮ ਬਨਸਪਤੀ
ਲਹੂ ਮਾਸ ਦੀ
ਸਿਰਜਣਾਤਮਕ ਕਿਰਿਆ ਤੋਂ
ਪਲਾਸਟਿਕ-ਬਨਸਪਤੀ 'ਚ
ਰੂਪਾਂਤਰਤ ਹੋ ਗਈ ਹੈ

ਤੇ ਅਰਸਤੂ ਦਾ ਕਾਵਿ-ਸ਼ਾਸਤਰ
ਅਜੋਕੇ ਵਿਗਿਆਨਕ ਅਨੁਭਵ ਤੋਂ
ਬਹੁਤ ਪਿੱਛੇ ਰਹਿ ਗਿਆ ਹੈ

-0-

ਮੌਜੂਦਗੀ
ਹੁਣ ਆਪਣੀ ਪਹਿਚਾਣ ਲਈ
ਜੰਗਲ ਦੀ
ਬੇਮਾਇਨਾ ਅਵਾਰਗੀ ਦੀ
ਮੁਥਾਜ ਨਹੀਂ
ਹੁਣ ਦਾ ਮਨੁੱਖ
ਆਪਣੀ ਦੇਹ ਵਿਚਲੀ
ਕਾਰਜ ਪ੍ਰਣਾਲੀ ਨੂੰ
ਆਪਣੇ ਹੱਥੀਂ ਟੋਹ ਸਕਦਾ ਹੈ
ਆਪਣੀ ਅੱਖੀਂ ਵੇਖ ਸਕਦਾ ਹੈ
ਤੇ ਜਿਸਮ 'ਚ ਵਗ ਰਹੀ
ਕੰਢੇ ਰਹਿਤ ਨਦੀ ਦੀ ਅਨੰਤਤਾ
ਪਲਾਸਟਿਕ ਜੀਭ ਨਾਲ ਚੱਖ ਸਕਦਾ ਹੈ
ਪਲਾਸਟਿਕ-ਦੰਦਾਂ 'ਚ ਚਿੱਥ ਸਕਦਾ ਹੈ

-0-

ਸਭ ਤੋਂ ਵੱਧ
ਧਰਤੀ ਤੇ ਉਲਟ ਸਕਦਾ ਹੈ
ਪਲਾਸਟਿਕ-ਦਿਲ ਤੇ
ਜ਼ਿਹਨ ਚੋਂ ਉੱਠੇ ਉਬਾਲ ਨੂੰ
ਕਾਗ਼ਜ਼ੀ ਉਮਰਾ ਪਹਿਨਾ ਸਕਦਾ ਹੈ
ਆਪਣੀ ਅਲਿਖਤ ਨੂੰ
ਪਲਾਸਟਿਕ-ਬਨਸਪਤੀ ਚੋਂ ਸਿਰਜਿਆ
ਮਨੁੱਖ ਦਾ ਆਪਣਾ ਆਪਾ

-----

# ਗਰਭ-ਸ਼ੁਦਾ ਪੂਰਣਤਾ

ਵਰਣ ਤੋਂ.
ਵਰਣਮਾਲਾ ਦਾ ਸਫ਼ਰ
ਬੀਜ ਗਿਆ ਹੈ
ਆਪਣੇ ਆਪ 'ਚ
ਸਾਲਮ ਕੰਡਿਆਲਾ ਜੰਗਲ
ਪੈਰਾਂ ਦੇ ਮਿੱਧਣ ਲਈ
ਪਲਕਾਂ 'ਚ ਦੂਰ ਤਕ ਫੈਲੀ
ਨਜ਼ਰ-ਕੁੜੀ ਦੀ ਸੋਚ ਡੰਗਣ ਲਈ

-0-

ਦਿਸਹੱਦੇ ਤੱਕ
ਮਸਤਕ 'ਚ ਉੱਗਿਆ ਹੈ
ਬੇਬਹਾਰਾ ਕੈਕਟਸ
ਸੁੱਕ ਗਈ ਹੈ
ਦੇਹ 'ਚ ਵਗ ਰਹੀ
ਇਕਹਿਰੇ ਕੰਢੇ ਦੀ ਨਦੀ
ਤਿੜਕ ਗਏ ਹਨ
ਅੱਖੀਆਂ 'ਚ ਪੱਥਰ
ਦੇਹ ਵਾਸ਼ਪੀਕਰਣ ਪਿੱਛੋਂ
ਤੇ ਮੱਥੇ ਦੀ ਚੌਖਟ ਤੇ
ਅਰਥਈ ਲਾਸ਼ਾਂ ਦਾ
ਛਾਲਿਆਂ ਵਰਗਾ
ਸੰਘਣਾ ਸੰਘਣਾ
ਮੁੜ ਉਜੜਨ ਲਈ
ਸ਼ਹਿਰ ਜਿਹਾ
ਇਕ ਵੱਸ ਗਿਆ ਹੈ

-0-

ਅਾਪੋਲ ਹੈ
ਜਲ ਦੀ ਚੁਟਕੀ ਚੋਂ ਨੀਰਤਾ
ਪਾਟ ਗਿਆ ਹੈ ਨੌਂਹਾਂ ਤਕ
ਦਰਿਆਈ ਮਿੱਟੀ ਦਾ ਜਿਸਮ
ਛੱਡ ਗਿਆ ਹੈ
ਵੇਗ ਹਵਾ ਦਾ ਆਲ੍ਹਣਾ
ਫਿਰ ਰਹੀ ਹੈ
ਅੱਗਨ ਦਰ-ਬ-ਦਰ
ਹੱਥਾਂ ਤੇ ਲੈ ਕੇ
ਹੱਡ ਬਲਣ ਲਈ
ਆਪਣੇ ਹੀ ਦੀਦੀਂ
ਲਹੂ ਬਣਕੇ ਵੱਗਣ ਲਈ

-0-

ਪੀਲਾ ਜ਼ਰਦ ਆਸਮਾਂ ਹੈ
ਚੋ ਗਈ ਹੈ ਇਸ ਚੋਂ
ਸਾਰੀ ਦੀ ਸਾਰੀ ਨੀਲੀ ਅਵਾਰਗੀ
ਮਹਿਕ ਮਿੱਟੀ ਦੀ
ਜਿਮੀਂ ਆਪਣੇ ਜੁੱਸੇ ਚੋਂ
ਸੁੰਘਦੀ ਤਲਾਸ਼ਦੀ

-0-

ਸੂਝ-ਗਤੀ ਦੇ
ਤੇਜ਼ ਵਾਵਰੋਲਿਆਂ ਸੰਗ
ਦੇਹ ਦੇ ਅੰਗ
ਭੁਲਾਵੇ ਅੱਖਰਾਂ ਵਾਂਗ
ਬਿਖ਼ਰ ਗਏ ਹਨ
ਸੋਚ ਦੇ ਕਿਨਾਰੇ ਕਿਨਾਰੇ....

ਤੇ ਆਪਣਾ ਸੱਚ
ਆਪਣੀ ਹੀ ਛਾਂ ਹੇਠ
ਗੁਆਚ ਗਿਆ ਹੈ
ਧੁੱਪਾਂ ਭਾਲਦਾ ਹੋਇਆ
ਕਿਰਨਾਂ ਜਨਮਦਾ ਹੋਇਆ

-0-

ਵਰਣ ਤੋਂ
ਵਰਣਮਾਲਾ ਦਾ ਸਫ਼ਰ
ਬੀਜ ਗਿਆ ਹੈ
ਆਪਣੇ ਆਪ 'ਚ
ਸਾਲਮ ਕੰਡਿਆਲਾ ਜੰਗਲ
ਪੈਰਾਂ ਦੇ ਮਿੱਧਣ ਲਈ
ਪਲਕਾਂ 'ਚ ਦੂਰ ਤਕ ਫੈਲੀ
ਨਜ਼ਰ ਕੁੜੀ ਦੀ ਸੋਚ ਡੰਗਣ ਲਈ

-----

# ਅਸ਼ਬਦ

ਵਰ੍ਹਿਆਂ ਦੇ
ਗਜ਼ਾਂ ਨਾਲ ਨਾਪਦੇ ਹੋ
ਚਾਨਣ ਦੀ ਉਮਰ
ਸ਼ਬਦਾਂ ਦੇ ਤਰਾਜ਼ੂ 'ਚ
ਤੋਲਦੇ ਹੋ
ਅਰਥਾਂ ਦਾ ਭਾਰ

–0–

ਕੈਸਾ ਦੁਖਾਂਤ ਹੈ
ਜਿਸਮ ਦੇ ਅੰਗਾਂ ਦਾ
ਕੈਸਾ ਭਰਮ ਰੂਪੀ ਸਫ਼ਰ ਹੈ
ਸੁਰਤੀ ਦੇ ਪੈਰਾਂ 'ਚ
ਕਿ ਰੀੜ੍ਹ ਦੀ ਹੱਡੀ ਅਣਜਾਣ ਹੈ
ਨਸਾਂ ਚੋਂ ਵਗਦੇ ਪਸੀਨੇ ਤੋਂ
ਗਰਦਨ ਤੇ ਟੰਗੇ ਚਿਹਰੇ ਤੋਂ
ਉਮਰ ਫੀਤਾ ਫੀਤਾ
ਹੋ ਕੇ ਗੁਜ਼ਰੀ ਹੈ ਜਿੱਥੇ
ਉਸ ਘਰ ਦੇ ਬੂਹੇ ਤੋਂ
ਬੇਘਰੇ ਵਿਹੜੇ ਤੋਂ

–0–

ਸੁਰਤੀ ਅਸੁਰਤ ਹੈ
ਆਪਣੀ ਪਹਿਚਾਣ ਤੋਂ
ਲਫ਼ਜ਼
ਅੱਜ ਤੱਕ ਵਾਕਿਫ਼ ਨਹੀਂ
ਆਪਣੀ ਜ਼ੁਬਾਨ ਤੋਂ
ਲਹੂ ਹੈ
ਆਪਣਾ ਰੰਗ ਵਾਂਗ ਪਾਣੀ ਦੱਸ ਰਿਹਾ

ਅਫ਼ਸੋਸ
ਭਰਿਆ ਹੁੰਗਾਰਾ ਹੀ ਨਹੀਂ
ਜਾਂਦਾ ਇਨਸਾਨ ਤੋਂ

-0-

ਕਿੰਨਾਂ ਅਰਥਕ ਸੱਚ ਹੈ ,
ਮਨਫ਼ੀ ਚੋਂ ਜਮਾਂ ਦਾ ਜੰਮਣਾ
ਕਿੰਨਾ ਲਾਜ਼ਮ ਹੈ
ਦਰਿਆਈ ਵੇਗ ਲਈ
ਪਹਾੜੀ-ਖੜੋਤਪਣ
ਨੀਝ-ਪਗਡੰਡੀ ਤੇ
ਤੁਰਦੇ ਮਨੁੱਖ ਲਈ
ਪਿਛਵਾੜੇ ਪਸਰਿਆ
ਮਿੱਝੀ ਧਰਤੀ ਦਾ ਹਨ੍ਹੇਰ
ਕਿੰਨੇ ਜ਼ਰੂਰੀ ਹਨ
ਤਰਲ ਸੂਰਜਾਂ ਲਈ
ਕਾਲੀਆਂ ਸਿੱਪੀਆਂ ਦੇ ਖੋਲ
ਕਿੰਨਾ ਜ਼ਰੂਰੀ ਹੈ
ਦੇਹ ਲਈ ਦੇਹ ਦਾ ਭਰਮ
ਸਿਰਜਕ ਸੱਚ ਜਾਨਣ ਲਈ

----

# ਹਵਾ ਚੋਂ ਸਿਮਿਆ ਲਹੂ

ਮੈਂ
ਜਦੋਂ ਪਹਿਲੀ ਵਾਰ
ਸਮੁੰਦਰ ਉਛਾਲਿਆ
ਤਾਂ ਮੱਛੀਆਂ ਨੂੰ
ਜੀਵਨ ਦੇ ਅਰਥ ਸਮਝ ਆਏ
ਦੂਜੀ ਵਾਰ
ਜਦ ਸਮੁੰਦਰ ਰਿੜਕਿਆ
ਤਾਂ ਮੱਛੀਆਂ ਨੂੰ
ਆਪਣੇ ਜਿਸਮ ਚੋਂ
ਮੌਤ ਦੀ ਬੋ ਆਈ
ਤੀਜੀ ਵਾਰ
ਜਦ ਸਮੁੰਦਰ ਹਵਾ ਦੇ ਬੁੱਲ੍ਹੇ 'ਚ
ਬਦਲਿਆ
ਤਾਂ ਧਰਤੀ ਤੇ ਵਗਦੀ
ਜੀਵਨ ਨਦੀ ਦੇ ਕੰਢੇ
ਆਦਮ ਹਵਾ ਨਸਲ ਦੀਆਂ
ਲਾਸ਼ਾਂ
ਜ਼ਰਿਆਂ ਵਾਂਗ ਪਈਆਂ ਸਨ
ਤੇ ਹਵਾ ਚੋਂ ਸਿਮਿਆ ਲਹੂ

–0–

ਸਮੁੰਦਰ
ਜਦ ਹੱਥਾਂ ਦੀਆਂ ਤਲੀਆਂ ਤੇ
ਵੱਗਦਾ ਹੈ
ਤਾਂ ਮਨੁੱਖ ਲਈ ਜੀਵਨ ਨਹੀਂ
ਮੌਤ ਉਗਲਦਾ ਹੈ

ਹਰ ਪਲ ਹਰ ਸਾਹ
ਹਰ ਇਕ ਮੱਛੀ
ਅਕਾਸ਼ ਜੇਡਾ ਰਕਬਈ
ਸ਼ਮਸ਼ਾਨ ਜਿਉਂਦੀ ਹੈ
ਆਪਣੇ ਪਿੱਤੇ 'ਚ

-0-

ਮੈਂ ਜਿਸ ਨੇ ਹਵਾ ਦੇ ਮੱਥੇ
ਬਲਦੀਆਂ ਸਿਗਰਟਾਂ
ਬੁਝਾਈਆਂ ਹਨ
ਹਵਾ ਦੀ ਜੀਭ ਤੇ
ਛਾਲਿਆਂ ਦੀ ਪੈਂਤੀ ਅੱਖਰੀ
ਝਰੀਟੀ ਹੈ
ਮੀਲ-ਪੱਥਰ ਵਾਂਗ ਖੜਾ ਹਾਂ
ਹਵਾ ਤੋਂ ਤੇਜ਼ ਦੌੜਣ ਦਾ ਆਦੀ
ਕਣਕ, ਖੁੰਬਾਂ ਤੇ ਆਡਿਆਂ
ਦੀਆਂ ਫ਼ਸਲਾਂ
ਪ੍ਰਯੋਗਸ਼ਾਲਾ 'ਚ
ਟਿਊਬੀ-ਧਰਤ ਤੇ ਬੀਜੀਆਂ
ਗਈਆਂ
ਗੋਲੀਆਂ 'ਚ ਬੰਦ ਕਰ
ਮੈਂ ਜੋ ਵਕਤ ਸਾਂ
ਕਈ ਦਹਾਕੇ ਖਾਂਦਾ ਰਿਹਾ

-0-

ਧਰਤੀ ਦਾ
ਕਲਾਤਮਕ ਚਿੱਤਰ ਮੱਥੇ 'ਚ ਲੈ
ਪਲਾਸਟਿਕ ਗਰਭ ਚੋਂ ਜਨਮਿਆਂ

ਪੰਝੀਵੀਂ ਸਦੀ ਦਾ
ਲਹੂ ਮਾਸ ਦੇ ਰੰਗ ਦਾ
ਮਹਾਂਨ ਖੋਜੀ
ਪਲਾਸਟਿਕ ਦੇ ਅੰਗਾਂ
ਤੇ ਰਿਸ਼ਤਿਆਂ 'ਚ ਘਿਰਿਆ
ਅਰਥ-ਪਲਾਸਟਿਕ
ਲਹੂ ਮਾਸ ਦਾ ਅਜੋਕਾ ਮਨੁੱਖ ਹਾਂ

-0-

ਮੈਂ ਜੀਅ ਰਿਹਾ ਹਾਂ
ਉਮਰ ਤੇ ਮੌਤ
ਮਨਫ਼ੀ ਹਨ ਮੇਰੇ ਚੋਂ
ਮੇਰੀ ਦੇਹ
ਹਵਾ ਪਾਣੀ ਅੱਗ ਅਕਾਸ਼
ਧਰਤ ਦੇ ਅਸਰ ਤੋਂ ਮੁਕਤ ਹੈ
ਮੈਂ ਪਲਾਸਟਿਕ ਦੀ
ਪ੍ਰਕਿਰਤੀ 'ਚ ਵਿਚਰਦਾ
ਆਪਣੇ ਕਰਮ ਫਲ ਤੋਂ ਸੁੰਤਸ਼ਟ ਹਾਂ

-0-

ਜੀਵਨ ਜਿਉਣ ਦੀ ਲੋਰ 'ਚ
ਆਪਣੀ ਕਾਮ ਤ੍ਰਿਪਤੀ
ਦੇ ਫਲਾਂ ਲਈ
ਮੈਂ ਲਹੂ ਮਾਸ ਦਾ
ਇਕ ਪੁਤਲਾ ਸਿਰਜਿਆ
ਤੇ ਛੱਡ ਦਿਤਾ
ਖੋਪਰੀ 'ਚ ਉੱਗੇ ਨਜ਼ਰ 'ਚ ਫੈਲੇ
ਪਲਾਸਟਿਕ ਦੇ ਜੰਗਲ 'ਚ

ਤਾਂ ਕਿ ਉਸਨੂੰ
ਚੇਤੰਨ ਭੁੱਖ ਦੇ ਅਰਥਾਂ ਦਾ
ਗਿਆਨ ਹੋਵੇ
ਤੇ ਉਹ ਸਮਝ ਸਕੇ
ਵਿਗਿਆਨਕ ਪ੍ਰਕ੍ਰਿਆ
ਲਹੂ ਮਾਸ ਤੋਂ
ਅਰਧ-ਪਲਾਸਟਿਕ ਮਨੁੱਖ ਤੱਕ ਦੀ
ਕਣਕ ਖੁੰਬਾਂ ਤੇ ਆਡਿਆਂ ਤੋਂ
ਅੰਨ ਪੂਰਨਾ ਗੋਲੀ ਤੱਕ ਦੀ

-----

## ਗਰਭਵਤੀ ਕੈਨਵਸ

ਜਦੋਂ ਵੀ ਤੂੰ
ਉਹ ਤਸਵੀਰ ਉਤਾਰੀ ਹੈ
ਕਮਰੇ ਦੀ ਕੰਧ ਤੋਂ
ਵਿਚਾਰਾ
ਸਿਰ ਤੋਂ ਪੈਰਾਂ ਤੀਕ
ਅਲਫ਼ ਨੰਗਾ ਹੋ ਗਿਆ ਹੈ
ਕਮਰੇ ਦਾ ਵੱਸਣ
ਕੋਰੇ ਸੱਚ ਤੋਂ ਜਾਣੂ ਹੋ ਗਿਆ ਹੈ

-0-

ਸ਼ੀਸ਼ੇ ਵਿਚਲੀ ਸਰਸਵਤੀ
ਆਪਣੇ ਰੰਗਾਂ ਨਾਲ ਲੈ ਗਈ ਹੈ
ਕੰਧਾਂ ਦੇ ਬਲਾਊਜ਼
ਹੇਠਲੇ ਕੱਜਣ
ਛੱਤੀ ਮਾਖੋਟਾ
ਫ਼ਰਸ਼ ਦੀ ਜੀਭਾ ਤੋਂ ਸਲਾਬੇ ਬੋਲ
ਅਰਥ ਹਨ
ਸੂਰਜਾਂ ਵਾਂਗੂ ਮਚੇ
ਤਿੜਕੇ ਤਿੜਕੇ
ਖਿੱਲਰੇ ਸ਼ਬਦਈ ਖੋਲ

-0-

ਕਮਰੇ ਤੋਂ ਆਖੌਤੀ ਸੱਚ ਨੇ
ਅੱਖ੍ਹਾਂ ਦੀ ਧਰਤੀ ਵਾਹ
ਹਨ੍ਹੇਰੇ ਬੀਜ ਲਏ ਹਨ
ਹੱਦੇ-ਨਿਗਾਹ ਤੋਂ ਪਾਰ
ਤਕ ਫੈਲੀ
ਸੋਚ ਵਿਚਲੀ ਲਿੰਗ ਉਤਪਤੀ ਸਾਹਵੇਂ

ਆਪਣੀ ਹੋਂਦ ਕਥਾ ਦੀ ਉਮਰ
ਥੱਕੇ ਜਾਣ ਤੋਂ
ਵਜ਼ੂਦ ਬਣਤਰ ਤਕ ਦੱਸਣ ਲਈ
'ਤੇ ਇਕ ਮਰ ਚੁੱਕੇ
ਸੱਪ ਦਾ ਵਜ਼ੂਦ ਕਾਇਮ
ਰੱਖਣ ਲਈ

-0-

ਸਰਸਵਤੀ
ਦੇਹ ਦੀ ਕੈਦ ਚੋਂ ਨਿਕਲ
ਮੋਨਾਲੀਜ਼ਾ ਦੀਆਂ ਅੱਖਾਂ ਤਿਆਗ
ਪਿਕਾਸੋ ਦੀ ਕਿਊਬਿਕ
ਸੋਚ ਦਾ ਲਿਬਾਸ ਪਹਿਨ
ਕੰਧ ਤੇ ਲਟਕ ਰਹੀ ਹੈ
ਗਰਭਵਤੀ ਕੈਨਵਸ ਵਾਂਗ

-0-

ਮੈਂ ਜੋ ਕਮਰੇ ਦਾ ਵੱਸਣ
ਤੁਹਾਨੂੰ ਤੇ ਖੁਦ ਨੂੰ ਮੁਖ਼ਾਤਿਬ ਹਾਂ
ਕਮਰੇ ਦੀਆਂ ਗੋਲਾਈਆਂ 'ਚ ਵੱਸਦੀ
ਸ਼ਰਮ ਨੰਗੇਜ ਤੇ ਚੁੱਪ ਵੀ ਹਾਂ
ਨਜ਼ਰੀਂ ਰੁੱਤ ਦੀ
ਨਮੋਸ਼ੀਆਂ ਦੇ ਮੌਸਮ 'ਚ
ਘੁਲਦੀ ਜਾ ਰਹੀ
ਪਾਕ ਮੁਸਕਰਾਹਟ ਵੀ ਹਾਂ
ਕਮਰੇ ਦਾ ਵੱਸਣ ਹੀ ਨਹੀਂ
ਆਪਣੇ ਆਪ ਤੇ ਫੋਕਸ
ਸ਼ਨਾਖ਼ਤੀ ਨਜ਼ਰ ਵੀ ਹਾਂ

ਸਰੀਰਕ ਮਾਨਸਿਕ
ਖੰਡਤ ਅਖੰਡਤ ਰੂਪ 'ਚ
ਕਮਰੇ ਦੀ ਦੇਹ 'ਚ ਕੇਂਦਰਿਤ
ਅੱਧਾ ਪੌਣਾ ਜਾਂ ਸਾਲਮ ਤਾਂ ਨਹੀਂ
ਪਰ ਅਸਲ ਅਮਲ ਹਾਂ
ਜਿੰਨਾਂ ਵੀ ਹਾਂ

-0-

ਕਮਰਾਂ ਜੋ ਸਿਰਫ਼
ਕਮਰਾ ਹੋਣ ਦਾ ਆਦੀ
ਤੇ ਦਾਅਵੇਦਾਰ ਹੈ
ਰੂਹ ਚੋਂ ਦੇਹ ਲਈ
ਗੱਲਾਂ ਸੁੱਟ ਰਿਹਾ ਹੈ
ਕਮਰੇ ਦੀ ਆਪਣੀ ਹੋਂਦ ਹੈ
ਪ੍ਰਕਿਰਤਕ ਨਕਸ਼ਾ ਤੋਂ ਵੱਖਰੀ
ਕਮਰੇ ਦੀ ਸਿਰਜਣਾ ਹੈ
ਮਨੁੱਖੀ ਲਹੂ ਚੋਂ ਜਨਮੀਂ
ਮਨੁੱਖੀ ਹੱਥਾਂ ਤੇ ਜਗਾਈ

-0-

ਮੈਂ ਵੱਸਣ
ਜਿਸਨੇ ਸ਼ੀਸ਼ੇ ਚੋਂ ਚਿਹਰਾ ਨਹੀਂ
ਚਿਹਰੇ ਚੋਂ ਕੰਡ ਤੱਕੀ ਹੈ
ਤੇ ਇਹ ਤਸਵੀਰ
ਜੋ ਮੇਰੇ ਮਸਤਕ ਤੋਂ ਪਿੱਠ ਤਕ ਹੈ
ਬਿਖ਼ਰੇ ਨਕਸ਼ਾਂ ਦਾ ਹਜੂਮ
ਮੈਂ ਡੁੱਬ ਕੇ ਪਸੀਨੇ 'ਚ
ਲਹੂ ਦੇ ਨਾਲ ਰੰਗੀ ਹੈ

-----

## ਜ਼ੀਰੋ ਡਿਗਰੀ

ਮੈਂ
ਖਿੰਡ ਗਿਆ ਹਾਂ ਸਮੇਂ 'ਚ
ਮੇਰੀ ਹਸਤੀ ਦਾ ਸੂਰਜ
ਭੁਰ ਗਿਆ ਹੈ
ਮੁੱਢ ਜੋ ਸਿਰ ਤਕ ਹਰਾ ਸੀ
ਬਾਹਰ ਤੋਂ ਅੰਦਰ ਤਕ
ਸੁੱਕ ਗਿਆ ਹੈ

-0-

ਮੈਂ ਪਿਆਸ ਚੋਂ ਪਾਣੀ
ਜਾਂ
ਪਾਣੀ ਚੋਂ ਪਿਆਸ ਮਨਫ਼ੀ ਹਾਂ
ਸ਼ਬਦ ਦੀ ਰੂਹ ਅਰਥ ਸਾਂ
ਅੱਜ ਸ਼ਬਦਈ-ਲਾਸ਼
ਬਿਨ ਮਹਿਕ ਮਿੱਟੀ ਹਾਂ

-0-

ਮੇਰੀ ਛਾਂ 'ਚ
ਵੱਸਦਾ ਮੇਰਾ ਪਰਛਾਵਾਂ
ਹਸਤੀਏ-ਜ਼ਰਾ-ਏ-ਰੇਤ
ਅੰਬਰ ਦੀ ਅੱਖ 'ਚ ਰੜਕਿਆ
ਚਮਕਿਆ ਤੇ ਟੁੱਟ ਗਿਆ
ਰੋਟੀ ਦੀ ਖ਼ੁਸ਼ਬੂ ਜਿਹਾ
ਇਕ ਖ਼ਵਾਬ ਨੀਂਦਰ ਲਈ
ਕਈ ਜਨਮ
ਉਮਰ ਦੇ ਤਪਦੇ ਥਲੀਂ
ਹਨ੍ਹੇਰੀਆਂ ਸੰਗ ਜੂਝਿਆ
ਸੁਰਤੀ ਤੋਂ ਅੰਗਾਂ ਤਕ ਬਿਖ਼ਰ ਗਿਆ

ਮੈਂ
ਆਪਣਾ ਚਿਹਰਾ ਖੂਹ ਵਾਂਗ
ਸੁੱਕੇ ਪਾਣੀ ਦੇ ਦਰਪਣ ਚੋਂ
ਰੂਹ ਤਕ ਝਰੀਟ ਲਿਆ
ਇਕ ਜਨਮ ਸਾਲਮ
ਪਿੰਡੇ ਦੀ ਮੈਲ ਜਿਹਾ
ਜ਼ਿੰਦਗੀ ਸੰਗ
ਮੌਤ ਦੀ ਸਰਦਲ ਤਕ ਗਿਆ

-0-

ਮੈਂ ਤੇ ਖੂਹ
ਹੁਣ ਤਾਰਿਆਂ ਜਿਹੀ ਭੀੜ 'ਚ
ਗੁਆਚਣ ਤੋਂ ਭੈਅ ਮੁਕਤ ਹਾਂ
ਕਿਉਂਕਿ ਗਰਕਣਾ
ਜ਼ਿੰਦਗੀ ਦਾ ਪਹਿਲੂ ਹੀ ਨਹੀਂ
ਹੈ ਸਗੋਂ ਵੇਗੀ ਨਿਰੰਤਰਤਾ

-0-

ਮੈਂ ਖਿੰੜ ਗਿਆ ਹਾਂ
ਆਪਣੀ ਵਾਸਵਿਕਤਾ
ਤੇ ਮਾਨਸਿਕਤਾ ਵਿਚਕਾਰ
ਉਮਰ ਦੀ ਲਾਂ ਤੇ ਲਟਕ ਰਿਹਾ ਹੈ
ਮੇਰਾ ਪੁਰਜਈ ਜਿਸਮ
ਸੂਰਜ ਦੀ ਅੱਖ 'ਚ
ਹਵਾ ਸੰਗ ਖੜਕ ਰਿਹਾ ਹੈ
ਮੇਰੀ ਆਤਮਾ ਦਾ ਤੱਤ
ਜਿਮੀਂ ਤੇ
ਤੁਪਕਾ ਰੂਪ 'ਚ ਪਏ ਹਨ

ਜਿਸਮ ਚੋਂ ਨੁੱਚੜੇ ਨਕਸ਼
ਸ਼ੀਸ਼ਾ ਵੀ ਹੈ ਮੈਂ ਵੀ ਹਾਂ
ਪਰ ਗੁੰਮ ਹੈ
ਦੋਹਾਂ ਚੋਂ ਹੀ ਦੋਹਾਂ ਦਾ ਅਕਸ

-0-

ਮੈਂ
ਖਿੰਡ ਗਿਆ ਹਾਂ ਸਮੇਂ 'ਚ
ਮੇਰੀ ਹਸਤੀ ਦਾ ਸੂਰਜ
ਭੁਰ ਗਿਆ ਹੈ
ਮੁੱਢ ਜੋ ਸਿਰ ਤਕ ਹਰਾ ਸੀ
ਬਾਹਰ ਤੋਂ ਅੰਦਰ ਤਕ
ਸੁੱਕ ਗਿਆ ਹੈ

-----

## ਆਰਥਕ ਕਵਿਤਾ

ਕਵਿਤਾ ਦਾ ਆਗਮਨ ਸੰਕੇਤ
ਬੰਧੂ ਕੋਈ ਦਰ ਘੰਟੀ ਨਹੀਂ
ਖੜਕਾਓਗੇ
ਤਾਂ ਕਵਿਤਾ ਅੰਦਰੋਂ ਬੋਲ ਪਵੇਗੀ
ਠਹਿਰੋ
ਮੈਂ ਹੈਂਗਰ ਤੇ ਟੰਗਿਆ
ਆਪਣਾ ਸ਼ਬਦੀ ਜੁੱਸਾ
ਪਹਿਨ ਆਉਂਦੀ ਹਾਂ
ਇੰਨਾਂ ਚਿਰ
ਦਰਵਾਜ਼ੇ ਦੀ ਪਿੱਠ ਤੇ ਟੰਗਿਆ
ਚਿੱਤਰ ਦੇਖੋ
ਜਿਸਦਾ ਮੂੰਹ ਹੈ ਮੇਰੇ ਵੱਲ
ਕੰਡ ਤੁਹਾਡੀ ਹੈ ਜਿਸ ਮੂੰਹ ਵੱਲ

-0-

ਕਵਿਤਾ ਵਿਚ
ਉਤਰਨ ਤੋਂ ਪਹਿਲਾਂ
ਆਪਣੇ ਆਪ 'ਚ
ਡੁੱਬਣਾ ਬੜਾ ਜ਼ਰੂਰੀ ਹੈ
ਰੰਗਈ ਰੇਖਾਈ ਭਾਸ਼ਾ
ਚਿਤਰਕ ਜੀਭਾ
ਦੁੱਖਦਾ ਦੁੱਖਦਾ ਛਾਲਿਆਂ ਵਰਗਾ
ਅਕਰਸ਼ਕ ਪ੍ਰਦੇਸੀ ਵਾਂਗੂ
ਉੱਚਾ-ਉੱਚਾ ਨੰਗਾ-ਨੰਗਾ ਬੋਲ ਰਹੀ ਹੈ

-0-

ਮੇਰੇ ਤਾਲੂ ਚੋਂ ਉੱਗਿਆ
ਤੇ ਨਜ਼ਰ 'ਚ ਚੋਇਆ

ਅੱਜ ਨਹੀਂ ਇਹ
ਉਸ ਫ਼ਰੇਮ ਦਾ ਸੱਖਣਾਪਨ ਹੈ
ਮੇਚ ਜਿਹਦੇ ਤਸਵੀਰ ਨਹੀਂ ਇਹ
ਇਸੇ ਲਈ ਤਾਂ ਨੰਗ-ਮੁਨੰਗੀ
ਤੁਹਾਡੀ ਪਿੱਠ ਤੇ ਲਟਕ ਰਹੀ ਹੈ
ਜ਼ਿੰਦਗੀ ਦਾ
ਖ਼ੁਦ ਨੰਗਿਆਂ ਹੋਣਾ ਅਸੱਭਿਅਕ ਹੈ
ਪਰ ਰੰਗਾਂ ਵਿਚ
ਨੰਗੀ ਜ਼ਿੰਦਗੀ ਕਲਾਕਿਰਤ ਹੈ

-0-

ਬੰਧੂ
ਦੁਬਿਧਾ ਵਿਚ ਰਚਨਾਤਮਕ ਪਲ
ਕਿਸ ਕ੍ਰਿਆ ਦੀ ਗਰਭ ਹੰਢਾਉਣ
ਕਿਸ ਸੂਰਜ ਦੀਆਂ ਕਿਰਨਾਂ ਚੁੰਮਣ
ਕਿਸ ਹਨ੍ਹੇਰੇ ਵਿਚ ਗੁੰਮ ਜਾਣ
ਅਨੁਭਵ ਦੀ ਅਰਥੀ-ਪੀੜਾ
ਕਿਤ ਸ਼ਬਦਈ ਸੂਲੀ ਭੇਂਟ ਚੜ੍ਹਾਉਣ
ਕਿਹੜੇ ਅਰਥਾਂ ਦਾ ਨੁੰਮਣਾ ਹੈ
ਬੋਧ ਕੇਂਦਰ ਤੋਂ ਦਿਸਹੱਦੇ ਤਕ
ਦ੍ਰਿਸ਼ਟੀ ਦੇ ਸ਼ਾਮਿਆਨੇ ਹੇਠਾਂ
ਜੋ ਜ਼ਿੰਦਗੀ ਦਾ ਨੰਗਣ ਲੁਕਾਉਣ

-0-

ਬੰਧੂ
ਜ਼ਿੰਦਗੀ ਤੇ ਕਵਿਤਾ
ਕਦ ਮੁਥਾਜ਼
ਕਿਸੇ ਪ੍ਰਯੋਗਸ਼ਾਲਾ ਦੀਆਂ

ਇਹ ਖੁਦ
ਪ੍ਰਯੋਗੀ ਕ੍ਰਿਆਵਾਂ
ਸ਼ਬਦ ਅਰਥ ਦੀਆਂ
ਸੂਖ਼ਮ ਰਿਸ਼ਮਾਂ
ਮੰਜ਼ਿਲਾਂ ਤੇ ਅਰਥਈ ਦਿਸ਼ਾਵਾਂ

-0-

ਕਵਿਤਾ ਦਾ ਆਗਮਨ ਸੰਕੇਤ
ਬੰਧੂ ਕੋਈ ਦਰ ਘੰਟੀ ਨਹੀਂ
ਖੜਕਾਓਗੇ
ਤਾਂ ਕਵਿਤਾ ਅੰਦਰੋਂ ਬੋਲ਼ ਪਵੇਗੀ
ਠਹਿਰੋ
ਮੈਂ ਹੈਂਗਰ ਤੇ ਟੰਗਿਆ
ਆਪਣਾ ਸ਼ਬਦੀ ਜੁੱਸਾ
ਪਹਿਨ ਆਉਂਦੀ ਹਾਂ

------

## ਚਿਹਰੇ ਤੇ ਉੱਗਿਆ ਜੰਗਲ

ਮੇਰੇ ਅੱਗੇ
ਚੁੱਪ ਉਜਾੜ ਹੈ ਪਸਰੀ ਪਈ
ਮੇਰੇ ਪਿੱਛੇ
ਇਕ ਦੁਨੀਆਂ ਹੱਸਦੀ ਵੱਸਦੀ ਪਈ
ਵੱਖੀ 'ਚ ਵਗ ਰਿਹਾ
ਤਰਲ ਲੋਹੇ ਦਾ ਦਰਿਆ
ਨੌਹਾਂ 'ਚ ਜੀਅ ਰਹੀ ਹੈ ਜ਼ਿੰਦਗੀ
ਸਦਾ ਲਈ ਬਦਲ ਕੇ
ਅਰਥ ਮੌਤ ਦੇ
ਵਿਚਲੇ ਕੋਹਜ ਨੂੰ ਹੈ
ਨੰਗਿਆਂ ਤਕ ਰਹੀ
ਨਜ਼ਰ ਸੰਗ ਮੇਰੀ ਸ਼ਰਮੋ ਹਯਾ

–0–

ਨੱਕ ਤੇ ਚੁੱਕਿਆ ਹੈ ਮੈਂ
ਅਲਫ਼ ਤੋਂ ਨਿਅਲਫ਼ ਦਾ ਭਾਰ
ਮੇਰੇ ਪੈਰ ਹਨ
ਰੌਣਕਾਂ ਦੇ ਮੁਕੱਦਸ ਤਖ਼ਤ
ਮੇਰੇ ਮਸਤਕ 'ਚ
ਬਿਰਾਜਮਾਨ ਹੈ ਸੂਰਜਾਂ ਦੀ ਮਾਂ

–0–

ਸਾਹਵੇਂ ਖੜੀ ਉਜਾੜ ਨੂੰ ਕਹੋ
ਹਨ੍ਹੇਰੇ ਮਿੱਧਣੇ ਹੈ
ਮੇਰੇ ਪੈਰਾਂ ਦਾ ਸੁਭਾਅ
ਮੰਗਲ ਬੀਜਣੇ ਹੈ
ਮੇਰੀ ਇਤਿਹਾਸਕ ਪ੍ਰਕਿਰਤੀ ਦੀ
ਪਰਤਿੱਗਿਆ

ਮੇਰੀ ਦ੍ਰਿਸ਼ਟੀ ਦੀ ਸਰਿਸ਼ਟੀ 'ਚ
ਹੈ ਧਰਤੀ ਖ਼ੁਦ ਹੀ ਅੰਬਰ
ਮੇਰੀ ਅੱਖ ਦੇ ਸ਼ੀਸ਼ੇ 'ਚ
ਬੰਦੇ ਤੋਂ ਉੱਚਾ ਨਹੀਂ ਕੋਈ ਖ਼ੁਦਾ

-0-

ਮੈਂ ਉਹ ਹਾਂ
ਜਿਸ ਕਿਸਮਤੀ ਬੰਜਰ ਜਿਮੀਂ ਤੇ
ਮੁੜ੍ਹਕਈ ਫੁੱਲ ਬੀਜੇ ਹਨ
ਤੇ ਮੇਰੀ ਪਿੱਠ ਤੇ
ਦੈਂਤੀ ਪਹਾੜਾਂ 'ਚ ਘਿਰੇ
ਜੋ ਸ਼ਹਿਰ ਵਸਦੇ ਹਨ
ਉਜਾੜ
ਤੇਰੀ ਸੁੰਨਤਾ ਤੇਰੀ ਚੁੱਪਤਾ
ਤੇਰੀ ਬੇਰੌਣਕੀ ਬਾਝੋਂ
ਅਧੂਰੇ ਧੁਰ ਲੱਗਦੇ ਹਨ
ਕੋਝੇ ਸਿਖ਼ਰ ਲੱਗਦੇ ਨੇ

-0-

ਉਜਾੜ ਰਹਾਓ
ਤੂੰ ਦਰਪਣ ਹੈਂ
ਤੇਰੇ ਚੋਂ ਵੇਖ ਸਕਦਾ ਹਾਂ
ਚਿਹਰੇ ਤੇ ਉੱਗਿਆ ਜੰਗਲ
ਸਦੀਆਂ ਤੋਂ
ਤੇ ਸਵੈ-ਸੰਭਾਵਨਾਂ ਦੇ ਜਗਦੇ
ਚਿਰਾਗ਼ ਨਾਮ ਕਰਦਾ ਹਾਂ
ਗਰਕਵਾਦੀ ਸੰਸਕ੍ਰਿਤੀ ਦੇ
ਅੰਨ੍ਹੇ ਖੂਹ ਨੂੰ
ਬੂ ਮਾਰਦੇ ਜਲਤਾਹੀਣ ਪਾਣੀਆਂ ਨੂੰ

ਉਜਾੜ
ਮੈਂ ਸਵੈ-ਵਿਰੋਧੀ ਆਵਾਜ਼ ਬਣ
ਲਟਕ ਜਾਣਾ ਚਾਹੁੰਦਾ ਹਾਂ
ਤੇਰੀ ਸੁੰਨਤਾ
ਤੇਰੀ ਹਨ੍ਹੇਰਤਾ ਦੀ ਸੂਲੀ ਤੇ
ਇਕ ਜਗਮਗਾਉਂਦਾ
ਸ਼ਹਿਰ ਪਿੱਛੇ ਛੱਡ ਜਾਣ ਲਈ
ਇਕ ਨਦੀ ਦਾ
ਗਤੀਸ਼ੀਲ ਸਵੱਛ ਦਰਪਣ
ਹਰ ਨਵੇਂ ਸੂਰਜ ਲਈ
ਚਿਹਰੇ ਤੇ ਉੱਗਿਆ
ਜੰਗਲ ਵੇਖਣ ਲਈ

-----

## ਸ਼ੀਸ਼ੇ ਵਿਚਲਾ ਸੂਰਜ

ਸ਼ੀਸ਼ੇ ਵਿਚਲਾ ਸੂਰਜ
ਆਦਿ ਜੁਗਾਦਿ ਹੈ
ਸ਼ੀਸ਼ੇ ਵਿਚਲਾ ਸੂਰਜ
ਜੀਵਨ ਕਿਰਿਆ ਹੈ
ਸ਼ੀਸ਼ੇ ਵਿਚਲਾ ਸੂਰਜ
ਤੱਤਵ-ਵਾਦੀ ਹੈ
ਸ਼ੀਸ਼ੇ ਵਿਚਲਾ ਸੂਰਜ
ਅਵਚੇਤਨ ਦਾ
ਇਕ ਚੇਤਨ ਅੰਕੁਰ ਹੈ
ਭਾਸ਼ਾ ਦੇ ਜੰਮਣ ਤੋਂ ਪਹਿਲ੍ਹਾਂ
ਚੀਕ ਤੋਂ ਲੈ ਕੇ
ਗੀਤ ਤਕ ਦਾ ਅਨੁਭਵ ਹੈ
ਸ਼ੀਸ਼ੇ ਵਿਚਲਾ ਸੂਰਜ
ਕਿੰਨਾਂ ਸੀਤ ਜਿਹਾ
ਪੁਰਜ਼ਾ ਪੁਰਜ਼ਾ ਹੋ
ਕਿਰਨਾਂ ਵਿਚ ਬੀਤ ਰਿਹਾ
ਸ਼ੀਸ਼ੇ ਵਿਚਲਾ ਸੂਰਜ
ਆਪਣੀ ਧੁੱਪ ਤੋਂ ਅਨਜਾਣ ਨਹੀਂ
ਅੰਬਰ ਦੇ ਸੂਰਜ ਨੂੰ
ਬੇਸ਼ੱਕ ਧੁੱਪਾਂ ਦੀ ਪਹਿਚਾਣ ਨਹੀਂ

------

## ਸਫ਼ਰ 'ਚ ਲਿੱਬੜੇ ਪੈਰ
## ਪੈਰਾਂ 'ਚ ਗੁੰਮ ਸਫ਼ਰ

ਉਸ ਦਿਨ
ਉਮਰ ਤੋਂ ਜਾਣੂ ਪੈਰਾਂ ਦੇ
ਰਾਹ ਤਿਆਗ਼
ਤੁਰ ਪਿਆ ਸਾਂ
ਬਲੇਡ ਦੀ ਧਾਰ ਤੇ
ਨਜ਼ਰ ਤੋਂ ਸੂਝ ਤਕ ਅਪੜੀ
ਉਂਗਲਾਂ ਚੋਂ ਵਗ ਰਹੀ ਲੋਅ ਤੇ

-0-

ਉਸ ਦਿਨ
ਆਪਣਾ ਵਜੂਦ ਪਰਾਇਆ ਹੋ ਗਿਆ
ਅਮੈਂ ਤੇ ਚੜ੍ਹਿਆ ਮੈਂ ਦਾ ਖੋਲ
ਪੁਰਾਣੇ ਪੈਰਾਂ ਦੇ ਸਫ਼ਰ ਸੰਗ
ਲਹਿ ਕੇ ਡਿੱਗ ਪਿਆ
ਬੀਤੇ ਦੀ ਢੇਰੀ ਤੇ ਉੱਗੇ
ਗੁਲ-ਲਾਲਾ ਦੀ ਅੱਖ 'ਚ
ਸਦਾ ਵਾਸਤੇ ਰੜਕਣ ਲਈ

-0-

ਮੈਂ ਰੂਹ ਤੋਂ
ਜਿਸਮੀਂ ਬਸਤਰ ਉਤਾਰਨ
ਨਹੀਂ ਤੁਰਿਆ
ਸਗੋਂ ਰੂਹ ਨੂੰ
ਆਪਣੇ ਹੱਥੀਂ ਸਿਰਜੀ ਦੇਹ 'ਚ
ਰਿਹਾਇਸ਼ਨ ਲਈ
ਸਿਰ ਭਾਰ ਖੜਾ ਹਾਂ
ਤਾਰਿਆਂ ਦੀ ਸੇਧੇ ਨਹੀਂ
ਤਾਰਿਆਂ ਨੂੰ ਆਪਣੀ ਸੇਧੇ

ਤੋਰਨ ਲਈ ਉਤਾਵਲਾ ਹਾਂ
ਤੇ ਮੁੜ੍ਹਕੇ ਦਾ ਹੜ੍ਹ ਬਣ
ਆਪਣਾ ਰਾਹ
ਲਹੂ ਮਾਸ ਦੀਆਂ ਚਟਾਨਾਂ ਚੋਂ
ਚਾਹੁੰਦਾ ਹਾਂ ਹਰਬਨਾ
ਚਾਹੁੰਦਾ ਹਾਂ
ਮਾਂ ਦੀ ਫਟੀ ਸਲਵਾਰ ਤੇ
ਟਾਕੀ ਬਣ ਚਿਪਕਣਾ
ਨਿਸਰੀ ਕਣਕ ਦਾ ਨਸ਼ਾ ਹੋ
ਉਨਾਭੀ ਡੋਰਾ ਬਣ ਖਿੱਚਿਆ ਜਾਣਾ
ਬਾਪੂ ਦੀਆਂ ਅੱਥਰੀਆਂ
ਕਰਜ਼ਾਈ ਅੱਖ੍ਹਾਂ 'ਚ

-0-

ਤਲਵਾਰ ਦੀ ਧਾਰ ਤੇ
ਲਹੂ ਦੀ ਬੂੰਦ ਚੋਂ ਸੂਰਜ ਉੱਗਾ
ਕੰਮ ਜ਼ਰਫੀ ਦੇ ਜੰਗਲ 'ਚ
ਚਾਹੁੰਦਾ ਹਾਂ ਗੂੰਜਣਾ
ਹਵਾ ਦੇ ਸ਼ੂਕਣ ਨੂੰ
ਪੱਤਿਆਂ ਦੀ ਹਰਕਤ ਨੂੰ
ਰੁੱਖਾਂ ਦੇ ਚੀਖ਼ਣ ਨੂੰ
ਵਾਦੀ ਤੋਂ ਅਵਾਦੀ 'ਚ
ਬਦਲਣ ਲਈ ਸੁਲਗ ਰਿਹਾ ਹਾਂ
ਅਮੈ ਦੀ ਕੁੱਖ 'ਚ
ਅਰਥ ਹੋ ਜੰਮਣ ਲਈ
ਤਾਂ ਕਿ

ਇਹ ਜੋ ਸਾਗਰ ਕੰਢੇ
ਮੋਈਆਂ ਮੱਛੀਆਂ ਵਾਂਗ ਪਿਆ ਹੈ
ਇਸ 'ਚ ਰੂਹ ਸਕੂਨਤ ਹੋ ਸਕੇ
ਤੇ
ਮੈਂ ਸਦਾ ਲਈ ਉੱਤਰ ਜਾਵਾਂ
ਸਿਰ ਤੋਂ ਪੈਰਾਂ 'ਚ
ਬੇਦਾਗ਼ ਗੁਲਲਾਲ਼ਾ ਹੋ ਉੱਗਣ ਲਈ

-----

## ਲਕੀਰ ਦੀ ਉਮਰ

ਉਸਨੂੰ ਕਹੋ
ਮੈਨੂੰ ਢਾਲ ਕੇ ਆਪਣੇ 'ਚ
ਉਤਾਰ ਲਏ
ਮੈਂ ਜੋ ਵਗ ਰਿਹਾ ਹਾਂ
ਪਿਘਲ ਪਿਘਲ਼ ਧਰਤੀ ਦੇ ਅੰਗਾਂ ਚੋਂ
ਮੇਰੇ ਪੈਰਾਂ ਨੂੰ ਚਿੰਮੜੇ
ਸਦੀਆਂ ਦੇ ਪੈਂਡੇ ਉਤਾਰ ਲਏ

-0-

ਮੈਂ ਕੋਈ
ਹਾਥੀ ਸਿਰ ਵਾਲੇ
ਅਦਿੱਸ ਮਨੁੱਖ ਵਾਂਗ
ਬ੍ਰਹਮ-ਗਿਆਨੀ ਦੀ ਪਦਵੀ ਲਈ
ਆਪਣੇ ਪਿਓ ਦੀ
ਪ੍ਰਕਰਮਾ ਦਾ ਕਾਇਲ ਨਹੀਂ
ਨਾ ਹੀ
ਕੰਨ-ਗਰਭ ਚੋਂ ਜਨਮਿਆਂ
ਪਵਨ ਪੁੱਤਰ ਹਨੂੰਮਾਨ ਹਾਂ
ਨਾ ਹੀ
ਕਿਸੇ ਜਟਾਧਾਰੀ ਦੇ ਤਪ 'ਤੇ
ਬਲੌਰੀ ਦੀਦਿਆਂ ਚੋਂ
ਥੁੱਕਿਆ ਸਰਾਪ ਹਾਂ

-0-

ਮੈਂ ਤਾਂ ਸੱਜਣ
ਸਿਰ ਭਰਨੇ
ਵਿੱਛਿਆ ਰਾਹ ਹਾਂ
ਲਾਲੋ ਤੋਂ ਨਾਨਕ ਦੇ ਦਿਲ ਤੱਕ

ਬਾਲਮੀਕ ਦੀ ਕੁਟੀਆ ਤੋਂ
ਅਯੁੱਧਿਆ ਦੇ ਖੰਡਰਾਂ 'ਚ
ਗੁਆਚੇ ਰਾਮ ਰਾਜ ਤਕ

-0-

ਮੈਂ ਜੋ
ਤੁਹਾਡੇ ਸਾਹਮਣੇ ਖੜਾ ਹਾਂ
ਸੱਚ ਮੰਨੋ
ਆਪਣੇ ਹੀ ਚਿਹਰੇ ਤੋਂ ਤਿਲ੍ਹਕੀ
ਵਿੱਦਰੋਹੀ ਨਜ਼ਰ ਹਾਂ
ਆਪਣੇ ਹੀ ਪੈਰਾਂ ਹੇਠ
ਮਿੱਧਿਆ ਸਿਰ ਹਾਂ
ਆਪਣੀ ਹੀ ਨਜ਼ਰ 'ਚ
ਕੰਡਿਆਲਾ ਪਹਾੜ
ਪਾਣੀ ਦਾ ਸ਼ਹਿਰ
ਕੱਚ ਦੀਆਂ ਸੜਕਾਂ ਤੇ ਦੌੜਦੀ
ਅਵਾਰਾ ਤ੍ਰਿਸ਼ਨਾ ਹਾਂ

-0-

ਸੱਚ ਜਾਣੋ
ਮੈਂ ਹੁਣੇ ਹੀ ਜਨਮਿਆਂ
ਇਕ ਨੀਗਰੋ ਪੱਠ ਦੀ
ਢੰਦਰਾਲ ਗਰਭ ਦਾ ਹਾਸਾ ਹਾਂ
ਮੈਂ ਤੁਹਾਡੀ ਪਿੱਠ ਤੇ ਚਿਪਕਿਆ
ਤੁਹਾਡਾ ਚਿਹਰਾ ਹਾਂ
ਜੋ ਸਦੀਆਂ ਤੋਂ
ਅੱਥਰੂਆਂ ਦੀ ਜੂਨ ਭੋਗ ਰਿਹਾ ਹੈ
ਗਰਭ ਮੁਥਾਜ਼ੀ ਤੋਂ ਬਿਨਾਂ

ਵਿਲੱਖਣ ਵੀਰਯ ਦਾ ਕਤਰਾ ਹਾਂ
ਧਾਨ ਦੇ ਖੇਤਾਂ 'ਚ ਉੱਗਣ ਲਈ
ਕੰਪੀਊਟਰ 'ਚ
ਦਿਲ ਬਣਕੇ ਧੜਕਣ ਲਈ
ਲੋਹੇ ਦੇ ਮਨ 'ਚ
ਜਵਾਨ ਹੁੰਦੀ ਜਾ ਰਹੀ ਯਾਦ ਹਾਂ
ਪੁੱਠਾ ਸੌ ਗਿਣਨ ਲਈਂ

-0-

ਮੈਂ ਵਿਚਰ ਰਿਹਾ ਹਾਂ
ਆਪਣੇ ਦੁਆਲੇ 'ਚ
ਮੇਰਾ ਦੁਆਲਾ ਵਿਚਰਦੈ
ਮੇਰੇ ਦੁਆਲੇ 'ਚ
ਇਹ ਸਾਂਝ ਵਿਚਰਨ ਦੀ
ਹੈ ਧੁੰਨੀ ਤੋਂ ਬਹੁਤ ਅੱਗੇ ਦੀ
ਲਹੂ ਪਾਣੀ ਤੇ ਦੁੱਧ ਦੇ ਰੰਗ ਜੇਹੀ
ਅਣਜਾਣਿਆਂ ਨੈਣਾਂ ਚੋਂ
ਜਨਮੀਂ ਸੰਗ ਜਿਹੀ

-0-

ਮੈਂ ਆਪਣੇ ਲਿੰਗ ਚੋਂ
ਟੁੱਟ ਕੇ ਡਿੱਗਾ ਹਾਂ ਚਮਕਦੇ ਤਾਰੇ ਵਾਂਗ
ਸਿਤਾਰ ਦੀਆਂ ਤਾਰਾਂ ਚੋਂ
ਰਾਗ ਬਣਕੇ ਫੁੱਟਣ ਲਈ
ਆਪਣੇ ਹੋਣ ਨੂੰ
ਜਿਉਂਦਿਆਂ ਜਾਣਨ ਲਈ
ਜੋ ਮੇਰੇ ਹਾਣ ਵਰਗਾ ਸੱਚ ਹੈ
ਇਸ ਤੋਂ ਪਹਿਲਾਂ

ਕਿ ਕਵਿਤਾ
ਮੈਨੂੰ ਉਂਗਲੀਆਂ ਲਾਅ ਅੱਗੇ ਤੁਰੇ
ਮੈਂ ਚਾਹੁੰਨਾ
ਆਦਮੀ ਦੇ ਸਿਰ ਤੇ ਵਾਲਾਂ ਦੀ ਥਾਂ
ਕਣਕ ਚੌਲ ਮੱਕੀ ਬਾਜਰਾ
ਕਪਾਹ ਤੇ ਫੁੱਲ ਬਣ ਉੱਗਣਾ
ਇਸਤੋਂ ਪਹਿਲਾਂ ਖੁਦ
ਉਸਾਰੀ ਕੰਧ ਨਾਲ ਟੱਕਰਾ ਜਾਂ
ਚਾਹੁੰਦਾ ਹਾਂ
ਆਪਣੀ ਚੇਤਨਾ ਦਾ ਹਾਣ ਹੋ ਗੁਜ਼ਰਾਂ
ਤੇ
ਪਲਾਸਟਿਕ ਦੇ ਨਾ ਮੁਰਝਾ ਸਕਣ
ਵਾਲੇ
ਕਣਕ ਦੇ ਸਿੱਟੇ ਮੱਕੀ ਦੇ ਗੁੱਦੇ
ਬਾਜਰਾ ਕਪਾਹ ਤੇ ਫੁੱਲ
ਆਪਣੇ ਜ਼ਿਹਨ 'ਚ ਨਿਕਲਦੇ ਜਲੂਸ ਲਈ
ਮੰਜ਼ਿਲ ਤੇ ਧਰ ਦਿਆਂ
ਦੱਸ ਦਿਆਂ
ਮੇਰੀ ਜੜ੍ਹ
ਮੇਰੇ ਸਿਰ 'ਚ ਤੁਰਦੇ ਸਾਏ 'ਚ ਨਹੀਂ
ਮੇਰੀ ਅੱਡੀ ਚੋਂ ਜਨਮੀ ਚੇਤਨਾ ਦਾ
ਸੂਰਜ ਬਣ ਚੜ੍ਹਣ 'ਚ
ਕਿਰਨਾਂ ਬਣ ਵਗਣ 'ਚ ਹੈ
ਮੇਰੀ ਅਸਲੀਅਤ
ਖੁਦ ਤੋਂ ਅਖੁਦ 'ਚ ਢਲਣ 'ਚ ਹੈ

-----

# ਰਿਸ਼ਤੇ ਅਰਿਸ਼ਤੇ

ਅਸੀਂ ਤਾਰਿਆਂ ਵਾਂਗੂੰ
ਧਰਤ-ਆਸਮਾਂ ਤੇ ਚਾਹੁੰਦੇ ਹਾਂ ਚਮਕਣਾ
ਸਿਫ਼ਰਾਂ ਤੋਂ ਅਗੇਰੇ ਆਪਣੇ ਧਰਾਤਲ ਤੇ

-0-

ਅਸੀਂ ਆਪਣਾ ਸੰਵਾਦ
ਗੋਂਦ, ਪਾਤਰ ਤੇ ਪੱਟਕੱਥਾ ਆਪ ਹਾਂ
ਦਰਸ਼ਕ ਤੇ ਸੂਤਰਧਾਰ ਬਣ
ਵਿਚਰਨ ਕੋਣ ਤੋਂ
ਆਪਣੇ ਆਪ ਨੂੰ ਤੱਕ ਰਹੇ
ਖੁਦ ਆਪ ਹਾਂ

-0-

ਸਾਡੀ ਗਤੀਵਿਧੀ
ਸਮੇਂ ਸਥਾਨ ਤੇ ਕਾਰਜ ਵਿਚਲੀ
ਇਕਾਈ ਦੀ ਪਾਬੰਦ ਨਹੀਂ
ਨਾ ਹੀ ਅਸੀਂ
ਕਿਸੇ ਮਹਾਂ-ਕਵੀ ਦੇ ਤਸੱਵਰ
ਦੀਆਂ ਕਠਪੁਤਲੀਆਂ ਹਾਂ
ਰੰਗ-ਮੰਚ ਤੇ
ਸਾਡੀ ਦ੍ਰਿਸ਼ਟੀ 'ਚ
ਮੌਤ ਕੋਈ ਸ਼ਰਤ ਨਹੀਂ ਜੀਵਨ ਲਈ
ਅਸੀਂ ਹਰ ਪਲ ਮਰਦੇ ਹਾਂ
ਹਰ ਪਲ ਜੰਮਦੇ ਹਾਂ

-0-

ਅਸੀਂ ਬੇਪਰਦ ਦੇਹਾਂ
ਵੱਖਰੇ ਰੰਗਾਂ ਦੀਆਂ
ਰੰਗਾਂ ਤੋਂ ਵੱਖਰੀ
ਸਕੂਨਤ ਰੂਹ ਜਿਉਂਦੇ ਹਨ

ਅਸੀਂ ਕਾਰਜ ਕਰਮ
ਕਰਤਾ ਆਪ ਹਾਂ
ਅਸੀਂ ਉਹ ਖੇਤਰਫਲ ਹਾਂ
ਜਿਹਦੀ ਲੰਬਾਈ
ਚੌੜਾਈ ਨਾਲ ਜ਼ਰਬਣੀ ਨਹੀਂ ਪੈਂਦੀ
ਅਸੀਂ ਭਾਲ ਤੋਂ
ਪਹਿਲਾਂ ਦੇ ਜਨਮੇ ਸਤਿ ਹਾਂ
ਅਕਾਰ ਰਹਿਤ ਆਸਮਾਂ
ਧਰਤੀ ਦੇ ਜ਼ਰਿਆਂ ਵੱਸ ਹਾਂ

-0-

ਅਸੀਂ ਆਪਣੀ ਜੜ੍ਹ ਦੀ ਭਾਲ 'ਚ
ਕੱਛੇ ਕਈ ਪਾਤਾਲ ਅਕਾਸ਼
ਪਰ ਤੱਕਿਆ
ਜਦ ਹਮ ਉਮਰ ਚੇਤਨਾ ਦੀ ਅੱਖ 'ਚ
ਤਾਂ ਜਾਣਿਆ
ਅਸੀਂ ਆਪ ਆਪਣੀ ਜੜ੍ਹ ਹਾਂ
ਅਸੀਂ ਆਪ ਆਪਣਾ ਫੁੱਲ ਹਾਂ
ਆਪਣੇ ਜੁੱਸੇ ਦੀ ਧਰਤੀ ਤੇ ਖੜੇ ਹਾਂ
ਬਾਲ ਕੇ ਨੈਣਾਂ ਦੇ ਦੀਵੇ
ਹੱਥੀਂ ਕਰਕੇ ਛਾਵਾਂ
ਹਨ੍ਹੇਰੇ ਹੂੰਝ ਵਿਹੜੇ ਚੋਂ
ਨਵੀਆਂ ਸਿਰਜਕੇ ਰਾਹਾਂ

-----

# ਅਸਵੈ-ਕੇਂਦਰਿਤ

ਉਹ ਜੋ ਜੀਅ ਰਹੇ ਹਨ
ਸਿਖ਼ਰ ਸਭਿਅਤਾ ਦੀ ਟੀਸੀ ਤੇ
ਵਿਚਰ ਰਹੇ ਹਨ
ਚੇਤਨ ਹੁੰਦਿਆਂ ਪੱਥਰਈ ਯੁੱਗ 'ਚ
ਮੈਂ ਦੀ ਵਗਦੀ ਨਦੀ 'ਚ
ਡੁੱਬੇ ਪੱਥਰ ਹਨ
ਵਗਦਾ ਜਲ ਨਹੀਂ ਹਨ ਉਹ

-0-

ਕਵਿਤਾ ਵਿਚਲੇ ਹਾਜ਼ਰੀਨ
ਮੱਕੜੀ ਜਾਲ ਚੋਂ ਬਾਹਰ ਆਉਂਦੇ ਹਨ
ਸ੍ਵੈ ਕੇਂਦਰਿਤਾ ਦੀ
ਕਾਰਬਨ ਯੁੱਗ ਚੋਂ ਜਨਮੀ
ਕਾਰਬਨ ਯੁੱਗ ਤੱਕ ਅੱਪੜੀ
ਨੀਮ ਸੁਰਤੀ ਤੇ ਬਹਿ

-0-

ਬ਼ਾਹਰਲੇ ਪੌਣ ਪਾਣੀ 'ਚ
ਸਵੈ ਸਲਾਭੇ ਨਿੱਜਤਵ ਲਈ
ਅਨੁਕੂਲ ਸਲਾਭੀਅੜ ਭਾਲਣ
ਤੇ ਜੀਵਨ ਮੰਚ ਤੇ
ਆਪਣੀ ਸੰਕੀਰਣਤਾ ਦੀ ਬੁੱਸੀ
ਅਮਹਿਕ ਬੀਜਣ ਲਈ

-0-

ਉਹ ਅਸਵੈ ਕੇਂਦਰਿਤ
ਰਾਹਾਂ ਤੇ ਚਲਣ ਨਾਲੋਂ
ਆਪਣੇ ਹੱਥੀਂ
ਆਪਣੇ ਰੰਗ ਜਿਹੀਆਂ

ਆਦਤਨ ਵਾਹੀਆਂ ਲੀਕਾਂ ਤੇ ਚਲਣਾ
ਆਪਣਾ ਪਰਮ ਧਰਮ ਸਮਝਦੇ ਹਨ
ਸੱਭਿਅਤਾ ਦਾ ਡੱਬ-ਖੜੱਬਾ ਸਿਰਾ ਹਨ

-0-

ਉਹ ਜੋ
ਹਰ ਸਾਲ ਆਪਣੇ ਜਨਮ ਦਿਹਾੜੇ
ਕਈ ਬੁੱਝੇ ਚਿਰਾਗ਼ ਰੁਸ਼ਨਾਉਂਦੇ ਹਨ
ਆਪਣੇ ਕੱਦ ਜਿੱਡੀ ਸੋਚ ਦਾ ਖੋਲ
ਮਨੁੱਖੀ ਰੰਗ-ਮੰਚ ਤੇ
ਕਰਵਟਾਂ ਬਦਲਦੀ ਜ਼ਿੰਦਗੀ ਚੋਂ
ਭਾਲਦੇ ਹਨ
ਹਰ ਪਲ ਹਰ ਸਾਹ
ਸਵੈ ਤਕਸੀਮੇ ਜਾ ਰਹੇ ਹਨ
ਤੂੰ ਦੇ ਵਿਸ਼ਾਲ ਸਾਗਰ 'ਚ
ਅਹਸਤੀ ਦੀ ਰੰਗ ਰਹਿਤ
ਲਹੂ ਜਿਹੀ ਹਸਤੀਨੁਮਾ ਦੁਨੀਆਂ 'ਚ
ਸਭਿਅਤਾ ਦਾ ਚਿੱਟਾ ਦੁੱਧ ਸਿਰਾ ਹਨ

-0-

ਜ਼ਿੰਦਗੀ ਦੀਆਂ ਰਗਾਂ 'ਚ ਦੌੜਦੇ
ਗੰਦੇ ਖ਼ੂਨ ਦੀ ਸਫ਼ਾਈ ਲਈ
ਤੱਤਪਰ ਹਨ ਸਦਾ
ਕਿ ਜ਼ਿੰਦਗੀ ਰੰਗ ਰਹਿਤ
ਬੇਦਾਗ਼ ਨਿਰੰਤਰ ਚਾਨਣ ਹੋ
ਅਮੈਂ ਦੇ ਸਾਗਰ 'ਚ ਵਗਦੀ ਰਹੇ
ਚਮਕਦੀ ਤੇ ਜਗਦੀ ਰਹੇ

-----

# ਨਕਸ਼-ਦਰ-ਨਕਸ਼

ਮੈਂ ਕਾਮ ਵਾਸ਼ਨਾਂ ਚੋਂ ਉਪਜਿਆ
ਨਕਸ਼-ਦਰ-ਨਕਸ਼ ਨਹੀਂ
ਭਵਿੱਖ ਲਈ ਵਰਤਮਾਨ ਦੀ ਜੀਭ ਤੇ
ਕਤਰਾ ਮਨੁੱਖੀ ਜੜ੍ਹ ਦਾ ਹਾਂ
ਜਿਸ਼ਦੀ ਭਾਲ 'ਚ
ਅਜੋਕਾ ਗਲੋਬਲ ਅਸਤਿਤਵ
ਜ਼ਿਹਨੀ ਜੂਨ ਹੰਢਾਅ ਰਿਹਾ ਹੈ
ਸੁਲਗਦੇ ਛਿਣ ਦੀ ਤਰ੍ਹਾਂ
ਪਿਘਲਦੀ ਬਰਫ਼ ਦੀ ਤਰ੍ਹਾਂ

-0-

ਮੈਂ ਆਪਣੇ ਵਿਚਲੀ
ਪਰਾਸਰੀਰਕ ਦੇਹ ਦਾ ਪ੍ਰਗਟਾਅ ਹਾਂ
ਅੰਬਰ ਧਰਤੀ ਦੇ ਵਿਛੋੜੇ ਦਾ
ਪਹਿਲਾ ਤੇ ਆਖ਼ਰੀ ਸੁਮੇਲ ਹਾਂ
ਰੋਸ਼ਨੀ ਤੋਂ ਹਨ੍ਹੇਰਾ ਹੋ
ਮੈਂ ਭੂਤ ਤੋਂ ਵਰਤਮਾਨ ਤਕ
ਗੂੰਜਦਾ ਸਮਾਂ ਹਾਂ
ਭੂਤ ਰਹਿਤ ਭਵਿੱਖ ਜਨਮਣ ਲਈ

-0-

ਮੈਂ ਅਰਧ-ਚੇਤਨ ਬਿੰਬਾਂ ਦੀ
ਹਰਕਤੀ ਕਿਰਿਆ ਹਾਂ
ਭਵਿੱਖੀ-ਮਨ-ਮਿੱਟੀ ਦਾ
ਉਪਜਾਉ ਤੱਤ ਹਾਂ
ਅਰਥਾਂ ਦੀ ਰੂਹ
ਭਾਸ਼ਾ ਦਾ ਵਿਸ਼ੇ

ਸਮੇਂ ਦਾ ਸਾਹ
ਮੈਂ ਲਿੰਗ, ਯੋਨੀ, ਕੁੱਖ, ਵੀਰਯ
ਸਭ ਆਪ ਹਾਂ
ਮੈਂ ਕਾਹਨ ਪਹਿਲਾ ਮਨੁੱਖ ਹਾਂ

-0-

ਮੈਂ ਨਿਰੰਤਰ ਹੋਂਦ ਹਾਂ
ਪਿੱਠ ਤੋਂ ਅੱਗੇ ਤਕ ਦੀ
ਦੇਹ ਤੋਂ ਪ੍ਰਛਾਵੇਂ ਤਕ ਦੀ
ਖ਼ੁਦ 'ਚ ਫੈਲੀ ਅਖ਼ੁਦ ਹਾਂ
ਹਵਾ ਦੇ ਜਿਸਮ 'ਚ
ਸਥਿਰ ਵੇਗ ਹਾਂ
ਸਵੈ ਜਨਮਣ ਤੋਂ ਪਿੱਛਲੇਰੀ
ਸਮੇਂ ਦੇ ਬੋਧ ਕੇਂਦਰ 'ਚ
ਜਿਊਰੀ ਗੰਧ ਹਾਂ
ਕਾਮ ਨਿਰਲੇਪ ਬਚਪਨ 'ਚ
ਘੁਲੀ ਸੁਗੰਧ ਹਾਂ
ਹੂਕ ਦੀ ਮਾਲਾ 'ਚ ਹਾਸੇ ਪਰੋਈ
ਮੈਂ ਮਿੱਟੀ ਹਾਂ
ਸਮੇਂ ਦੀ ਦੇਹ ਲਈ ਗੋਈ

-0-

ਮੈਂ ਕਾਮਵਾਸਨਾਂ ਚੋਂ ਉਪਜਿਆ
ਨਕਸ਼-ਦਰ-ਨਕਸ਼ ਨਹੀਂ
ਭਵਿੱਖ ਲਈ ਵਰਤਮਾਨ ਦੀ ਜੀਭ ਤੇ
ਕਤਰਾ ਮਨੁੱਖੀ ਜੜ੍ਹ ਦਾ ਹਾਂ

-----

## ਜਲ-ਰੂਪ

ਮੈਂ
ਜੋ ਅੱਗ 'ਚ ਕੁੱਦ ਪੈਂਦਾ ਸਾਂ
ਇਕ ਕਦਮ ਪੁੱਟਣ ਤੋਂ ਦੂਜੇ ਦੇ ਬਾਅਦ
ਰਾਹ ਤੋਂ
ਮੀਲ-ਪੱਥਰ 'ਚ ਬਦਲ ਗਿਆ ਹਾਂ
ਸਮੇਂ ਦੀ ਗਤੀ ਦੇ ਅਸਰ ਤੋਂ
ਬਹੁਤ ਅੱਗੇ ਲੰਘ ਗਿਆ ਹਾਂ

-0-

ਆਪਣੇ ਆਪ ਨੂੰ
ਉਪਜਾਊ ਮਿੱਟੀ ਆਖ
ਅਕਸਰ ਪੱਥਰਾਂ 'ਚ ਸਿਰ ਮਾਰਦਾ
ਕਈ ਵਾਰ ਸਮਝਿਆ
ਤੇ ਫੜਿਆ ਗਿਆ ਹਾਂ

-0-

ਸਿਰ 'ਚ ਵਗਦੀ ਨਦੀ
ਤੈਰਨ ਤੋਂ ਪਿੱਛੋਂ
ਆਪਣੇ ਵਿਚਲਾ
ਸੱਖਣਾ ਤੇ ਅਧੂਰਾਪਣ
ਲਹੂ ਨਾਲ ਗੋਈ ਮਿੱਟੀ ਸੰਗ
ਭਰਨ ਲਈ ਤੱਤਪਰ ਸਾਂ
ਕਿ ਨਦੀ ਦਾ ਸੰਪੂਰਨ ਜਲ
ਛਾਲਾ ਬਣ ਮੇਰੀ ਜੀਭ ਤੇ ਉੱਗਿਆ ਹੈ
ਜਿਸ ਚੋਂ ਜਨਮੀਂ
ਬੰਦੂਕ ਪੀੜ ਦਾ ਅਹਿਸਾਸ
ਮੈਂ ਕਈ ਵਾਰ ਦੰਦਾਂ ਦੀ ਥਾਂ
ਪੈਰਾਂ ਹੇਠ ਜੀਭ ਲੈ

ਚਿੱਥਿਆ, ਨਿਗਲਿਆ
ਤੇ ਥੁੱਕਿਆ ਹੈ

-0-

ਹੁਣ ਮੈਂ
ਅੰਗ ਦਾ ਰੰਗ ਫੁੱਲਾਂ 'ਚ ਭਰਨ
ਤੇ ਹਰ ਰਾਹ ਚੋਂ
ਮੀਲ ਪੱਥਰ ਜਨਮਣ ਲਈ
ਪ੍ਰਤਿਗਿਅਤ ਹਾਂ
ਤਾਂ ਕਿ
ਰਾਹ ਨੂੰ ਭਵਿੱਖ 'ਚ
ਪਾਟਣ ਤੋਂ ਪਹਿਲਾਂ ਸੇਧ
ਤੇ ਸੇਧ ਨੂੰ ਭੂਤ 'ਚ ਗੁਆਚਣ ਤੋਂ
ਪਹਿਲਾਂ ਰਾਹ ਮਿਲ ਸਕੇ

-0-

ਮੱਥੇ ਚੋਂ ਫੁੱਟੀ ਨਦੀ ਦੇ ਕੰਢੇ
ਹਰ ਕਦਮ ਤੇ
ਸ਼ਮਸ਼ਾਨੀ ਟੋਟਿਆਂ 'ਚ
ਤਕਸੀਮੇ ਨਾ ਜਾਣ
ਨਦੀ ਦਾ ਗੀਤ
ਰਾਹੀ, ਰਾਹ ਤੇ ਮੀਲ ਪੱਥਰ ਦੀ
ਜ਼ੁਬਾਨ 'ਤੇ
ਛਾਲਾ ਬਣ ਕੇ ਨਾ ਉੱਗੇ,
ਸਗੋਂ ਨਦੀ ਦੇ ਦਰਪਣ ਤੋਂ ਪਾਣੀ
ਚੜ੍ਹੀ ਪਿੱਠ ਤਕ ਸੁਰਬੱਧ ਗੂੰਜੇ
ਨਦੀ ਦੀ ਆਪਣੀ ਮੁਸਕਰਾਹਟ ਲਈ
ਨਦੀ ਦੇ ਇਕ ਰੂਪ ਰੰਗੇ ਜਲ ਲਈ

-----

# ਰੁੱਖਾਂ ਦੇ ਰਿਸ਼ਤੇ

ਪੁਰਾਣੇ
ਰੁੱਖਾਂ ਦੇ ਆਲ੍ਹਣੇ ਤਿਆਗਣਾ
ਜ਼ਿੰਦਗੀ 'ਚ ਆਪਣੇ ਜਨਮ ਵਰਗਾ
ਇਕ ਪਲ ਬੀਜਣਾ ਹੈ
ਹੱਥੀਂ ਬੀਜੇ ਪਲ ਦਾ
ਆਪਣਾ ਹੀ ਨਸ਼ਾ ਹੈ
ਹੱਥੀਂ ਸਿਰਜੇ ਭਵਿੱਖ ਜਿਹਾ

–0–

ਵਿਸ਼ਵਾਸ ਨਹੀਂ ਤਾਂ ਇਕ ਦਫ਼ਾ
ਆਪਣੇ ਕੱਦ ਜਿੱਡਾ ਝੂਠ
ਅਵਾਜ਼ ਦਾ ਬੁਰਕਾ ਪਹਿਨਾ
ਸਮੁੰਦਰ ਦੀ ਹਿੱਕ ਤੇ
ਹਵਾ ਵਾਂਗ ਤੈਰਦਾ ਛੱਡੋ
ਆਪਣੇ ਅੰਦਰਲੇ ਖੌਲ ਕੰਢੇ ਬਹਿ
ਜਿਉਂਦੀ ਮੌਤ
ਮੋਈ ਜ਼ਿੰਦਗੀ ਤੱਕੋ
ਸੜਦੇ ਬੋਲਾਂ ਦੀ ਛਾਵੇਂ ਨਾ ਬਹੋ
ਬਸ ਚੁੱਪ ਆਪਣੀ ਸੂਤ ਕੇ ਰੱਖੋ
ਸਮੁੰਦਰ ਉਬਲਣ ਤਕ
ਜੇ ਜਿਉਂਦੇ ਰਹਿ ਸਕੋ ਤਾਂ

–0–

ਸੰਸਕ੍ਰਿਤੀ 'ਚ ਆਧੁਨਿਕਤਾ ਨਹੀਂ
ਆਧੁਨਿਕਤਾ 'ਚ
ਹਾਣ ਦੀ ਸੰਸਕ੍ਰਿਤੀ ਬੀਜੋ
ਰੁੱਖ ਚੋਂ ਬੀਜ ਦੇਖੋ
ਬੀਜ ਚੋਂ ਰੁੱਖ ਨਹੀਂ

ਕਰਮ ਚੋਂ ਫੱਲ ਦੇਖੋ
ਫਲ ਚੋਂ ਕਰਮ ਨਹੀਂ
ਆਪਣੇ ਆਪ ਨੂੰ ਖੋਲ੍ਹੋ
ਪੜ੍ਹੋ ਸ਼ੁਰੂ ਤੋਂ ਅੰਤ ਤਕ
ਅੰਤ ਤੋਂ ਸ਼ੁਰੂ ਤਕ
ਅਰਥ-ਮੈਟਿਕ 'ਚ ਵੰਡਿਆ
ਸਮਾਂ ਨਹੀਂ ਹੋ
ਤੁਸੀਂ ਹਵਾ ਤੇ ਆਕਸੀਜ਼ਨ ਤੋਂ ਬਿਨਾਂ
ਜਿਉਂਦਾ-ਜਾਗਦਾ ਅਹਿਸਾਸ ਹੋ
ਅੰਬਰ ਚੋਂ ਡਿੱਗੀ ਬੂੰਦ ਹੋ
ਧਰਤੀ ਚੋਂ ਫੁੱਟੀ ਵੱਲ ਹੋ
ਸ਼ਬਜ਼ੇ 'ਚ ਪੈਦਾਇਸ਼ੀ ਖੁਸ਼ਕੀ ਹੋ
ਪਾਣੀਆਂ ਦੀ ਮਾਂ
ਯਾਦ ਦੀ ਰੂਹ ਭੁੱਲਤਾ ਹੋ
ਵੇਗ 'ਚ ਲਪੇਟਿਆ
ਸਦਾ ਸੰਚਾਲਕ ਅਟਕਾ ਹੋ
ਸਮੇਂ ਦੀ ਦੌੜ ਤੋਂ ਅਗੇਰਾ ਕਦਮ ਹੋ

-0-

ਕ੍ਰਿਸ਼ਨ ਦੀ
ਅੱਡੀ ਵਿਚਲੇ ਪਦਮ ਤੇ
ਉੱਕਰੀ ਮੌਤ ਨਹੀਂ
ਸਗੋਂ ਆਪਣੇ ਮੱਥੇ 'ਚ
ਕਬੂਲੀ ਮੌਤ ਪਿਛੋਂ
ਜ਼ਿੰਦਗੀ ਦੀ ਅੱਡੀ 'ਚ
ਅਮੁੱਕ ਹੱਸਦਾ ਸਫ਼ਰ ਹੋ

ਸਫ਼ਰ
ਜੋ ਆਪਣੀ ਕੁੰਜ ਉਤਾਰ
ਤੁਹਾਡੇ ਹੱਥਾਂ ਤੇ ਧਰ ਗਿਆ
ਹਰ ਪਲ
ਦਿਸਹੱਦੇ ਤੋਂ ਪਾਰ ਉਤਰੀ ਨਜ਼ਰ ਤਕ
ਚਾਨਣ ਹੀ ਚਾਨਣ ਕਰ ਗਿਆ
ਚਾਨਣ ਹੀ ਚਾਨਣ ਕਰ ਗਿਆ

-0-

ਪੁਰਾਣੇ
ਰੁੱਖਾਂ ਦੇ ਆਲ੍ਹਣੇ ਤਿਆਗਣਾ
ਜ਼ਿੰਦਗੀ 'ਚ ਆਪਣੇ ਜਨਮ ਵਰਗਾ
ਇਕ ਪਲ ਬੀਜਣਾ ਹੈ
ਹੱਥੀਂ ਬੀਜੇ ਪਲ ਦਾ
ਆਪਣਾ ਹੀ ਨਸ਼ਾ ਹੈ
ਹੱਥੀਂ ਸਿਰਜੇ ਭਵਿੱਖ ਜਿਹਾ

-----

## ਸਿਰ ਤੋਂ ਜਨਮਿਆਂ ਰੁੱਖ

ਰੁੱਖ ਪੱਤਿਆਂ ਟਹਿਣੀਆਂ
ਤੇ ਤਣੇ ਰਾਹੀਂ
ਟਿੱਕੀ ਰਾਤ 'ਚ ਬੋਲਦਾ
ਨਾੜਾਂ 'ਚ ਖੌਲਦੇ ਜ਼ਹਿਰ
ਦੀਆਂ ਕਰੂਲੀਆਂ ਚਿਹਰੇ ਤੇ ਕਰਦਾ
ਸ਼ਵੈ ਅੰਗਾਂ ਤੇ ਡੋਲ੍ਹਦਾ
ਕਿ
ਆਪਣੇ ਅੰਦਰ ਝੂੱਲ ਰਹੀ ਹਨ੍ਹੇਰੀ
ਤੇ ਪੈ ਰਹੀ ਅਹਿਣ ਨੂੰ
ਬਾਹਰ ਝੁਲਾ ਸਕੇ
ਚੰਦ ਕਣੀਆਂ ਜ਼ੁਬਾਂ ਦਾ ਛਾਲਾ ਫੇਹ
ਆਪਣੇ ਸਾਹਵੇਂ
ਬਾਹਾਂ ਖੋਲ੍ਹ ਕੇ ਖੜੇ ਰਾਹ ਤੇ ਤਰੌਂਕ ਸਕੇ

-0-

ਰੁੱਖ ਨੇ ਸ਼ਹਿਰ ਵੱਲ ਪਿੱਠ
ਤੇ ਜੰਗਲ ਵੱਲ ਮੂੰਹ ਕਰ
ਆਪਣੇ ਆਪ ਨੂੰ
ਰੁੱਖ ਸਾਬਤ ਕਰਨ ਲਈ
ਕਈ ਵਾਰ ਸਵੈ ਨੂੰ ਬੀਜ
ਤੇ ਬੀਜ ਨੂੰ ਸਵੈ 'ਚ ਥੁੱਕਿਆ
ਸਭ ਤੋਂ ਪਹਿਲਾਂ
ਜੜ੍ਹਾਂ ਨੂੰ ਚਿੰਮੜੀ ਮਿੱਟੀ
ਜੋ ਰੋਜ਼
ਸਿਰ 'ਚ ਕਿਰਦੀ
ਤੇ ਛਾਵੇਂ ਬੈਠਦੀ

ਰੁੱਖ ਨੂੰ ਰੁੱਖ ਮੰਨਣ ਤੋਂ
ਸੂਲ ਬਣ ਉੱਠ ਖੜ੍ਹੀ
ਰੁੱਖੀਂ ਮਸਤਕ 'ਚ
ਉੱਡਣਾ ਸੱਪ ਬਣ ਲੜੀ

-0-

ਰੁੱਖ ਰੁੱਖ ਹੁੰਦਾ ਹੋਇਆ
ਪੱਤਿਆਂ ਟਹਿਣੀਆਂ
ਤੇ ਛਿੱਲੜ ਦੀ ਬੁੱਕਲ ਚੋਂ
ਜੋ ਕੁੱਝ ਵੇਖਦਾ ਸੁਣਦਾ
ਜੜ੍ਹਾਂ ਦੁਆਲੇ
ਚਿੰਮੜੀ ਮਿੱਟੀ ਨੂੰ ਦੱਸਦਾ ਰਿਹਾ
ਤੇ
ਦਿਨ-ਬ-ਦਿਨ ਖੋਖਲਾ ਹੁੰਦਾ ਗਿਆ

-0-

ਦੁਬਾਰਾ
ਰੁੱਖ ਜਦ ਜਨਮਿਆਂ
ਤਾਂ ਜੜ੍ਹਾਂ ਧਰਤੀ ਦੇ ਉਲਟ ਸਨ
ਰੁੱਖੀਂ ਸੁੰਘਣ, ਵੇਖਣ, ਸੁਨਣ, ਬੋਲਣ
ਤੇ ਸਪਰਸ਼ ਇੰਦਰੀਆਂ ਦਾ
ਕਰਮ-ਪ੍ਰਤੀਕਰਮ
ਜੜ੍ਹਾਂ ਤਕ ਪੁੱਜਦਾ ਰਿਹਾ

-0-

ਰੁੱਖੀਂ ਦੁਖਾਂਤ
ਜੋ ਸਦੀਆਂ ਤੋਂ
ਧਰਤੀ ਤੇ ਸਿਰ ਭਰਨੇ ਪਿਆ ਸੀ
ਜਿਸ ਤੋਂ ਕਈ ਜੰਗਲ
ਆਪਣੇ ਪੈਰ ਧਰ ਸ਼ਹਿਰ ਹੋ ਗੁਜ਼ਰੇ ਸਨ

ਸਿਰ ਚੋਂ ਫੁੱਟੀਆਂ ਜੜ੍ਹਾਂ ਨੇ
ਅਕਾਸ਼ ਵਿਚ ਕਿਲ ਵਾਂਗ ਠੋਕ ਦਿੱਤਾ
ਰੁੱਖ ਦੇ ਜਿਸਮ ਚੋਂ
ਉਸਦਾ ਖੋਖਲਾ ਤੇ ਬੋਦਾਪਣ ਨਿਚੋੜ
ਖਲਾਅ 'ਚ ਟੰਗ ਦਿਤਾ।

-0-

ਬਾਕੀ ਦਾ ਰੁੱਖ ਰੁੱਖ ਸੀ
ਜੰਗਲ 'ਚ ਰੁੱਖ ਕਰਕੇ ਜਾਣਿਆ ਜਾਂਦਾ
ਪਰ ਹੁਣ
ਉਹ ਬੋਲਣ, ਸੁਨਣ ਤੇ ਤੱਕਣ ਦੇ
ਨਾਲ ਨਾਲ
ਤੁਰਨਾ ਵੀ ਜਾਣਦਾ ਸੀ
ਚੰਗੇ ਮਾੜੇ ਰਾਹ ਪਹਿਚਾਣਦਾ ਸੀ

-----

## ਮਨੁੱਖ ਵਿਚਲਾ ਮਨੁੱਖ

ਸਮਾਂ ਮਨੁੱਖ ਹੈ
ਮਨੁੱਖ ਦਾ ਸੱਚ ਦੇਹ 'ਚ ਨਹੀਂ
ਸਾਏ 'ਚ ਹੈ
ਸਫ਼ਰ ਦੀ ਅੱਖ 'ਚ
ਕਈ ਮੀਲ-ਪੱਥਰਾਂ ਨੇ
ਇਹ ਸ਼ਬਦ ਪਹਿਨ ਰੱਖੇ ਹਨ

-0-

ਮਨੁੱਖ ਹਵਾਈ
ਸ਼ੁਰਲੀਆਂ ਦੀ ਪੂਛਲ ਫੜ
ਨਿਕਲ ਪਿਆ ਹੈ
ਦੇਹ ਦੀ ਕੈਦ ਕੱਟਣ ਲਈ
ਝੁਲਸਦਾ ਹੋਇਆ
ਗਲੋਬਲ ਅਸਤਿਤਵ
ਬੀਜਦਾ ਹੋਇਆ ਹਵਾ 'ਚ ਬਰੂਦ
ਛਿੱਲਦਾ ਹੋਇਆ ਖਲਾਅ ਦਾ ਪਿੰਡਾ
ਵਲੂੰਦਰਦਾ ਹੋਇਆ
ਧਰਤੀ ਦਾ ਵਜੂਦ
ਸਦੀਆਂ ਤਕ ਭਵਿੱਖ 'ਚ ਕੱਟਣ ਲਈ
ਮੌਤ ਦੀ ਸਵੈ-ਪੈਦਾਸ਼ਿਕ ਫ਼ਸਲ

-0-

ਸਮਾਂ
ਵਰਤਮਾਨ ਦੇ ਦੂੱਧੀਆਂ ਤੇ ਗੁਪਤ ਅੰਗਾਂ ਤੇ
ਠਾਰਦਾ ਹੈ
ਪਿਘਲਦਾ ਲੋਹਾ

ਢਾਲਦਾ ਹੈ ਸੰਗੀਨੀ ਵਜ਼ੂਦ
ਮਨੁੱਖ
ਮੋਖ਼ਸ਼ਾ ਮਨਤ੍ਰਿਪਤੀ
ਜੀਵਨ ਫ਼ਸਲ ਕਰਨ ਲਈ ਅੱਗ ਬਣ
ਬੱਦਲ ਦੀ ਬੁੱਕਲ ਮਾਰ ਵਰ੍ਹ ਰਿਹਾ ਹੈ
ਵੀਅਤਨਾਮ, ਲਿਬਨਾਨ
ਅਫ਼ਗਾਨਿਸਤਾਨ, ਕਾਬੁਲ, ਬੈਰੂਤ
ਅਤੇ ਤਹਿਰਾਨ ਜਿਹੇ ਤੀਰਥਾਂ ਤੇ
ਸਮਾਂ ਮਨੁੱਖ ਹੈ
ਮਨੁੱਖ ਸਮਾਂ ਹੈ
ਮੈਂ ਮਨੁੱਖ ਤੇ ਸਮੇਂ ਦਾ ਅੰਤਰ ਹਾਂ
ਅਸ਼ੋਕ ਦੀ ਕਬਰਈ ਦੇਹ ਚੋਂ ਉੱਗਿਆ
ਅਮਨਈ ਗੁਲਾਬ ਹਾਂ
ਭਾਸ਼ਾ ਦੀ ਪ੍ਰਯੋਗਸ਼ਾਲਾ ਹਾਂ
ਵਰਤਮਾਨ ਦਾ ਹਿਸਾਬ ਹਾਂ

–0–

ਮੇਰੀ ਚੇਤਨਤਾ
ਗੌਤਮ ਦੀ ਚੁੱਪ 'ਚ
ਅੱਡੀਆਂ ਰਗੜ ਰਗੜ
ਭਾਸ਼ਾ ਤੋਂ ਮੁਕਤੀ ਦੀ ਇੱਛੁਕ ਨਹੀਂ
ਮੈਂ ਯਸ਼ੋਧਰਾ ਦੀਆਂ ਛਾਤੀਆਂ 'ਚ
ਖੌਲ੍ਹਦਾ ਦੁੱਧ ਦਾ ਦਰਿਆ ਹਾਂ
ਨਵ–ਜੰਮੇਂ ਰਾਹੁਲ ਲਈ
ਜੀਵਨ ਰੁੱਖ ਸਿੰਜਣ ਲਈ

–0–

ਮੈਂ ਕਿਸੇ ਰਾਜਨੀਤਕ ਪੰਡਤ ਦੀ
ਸੱਜੀ ਜਾਂ ਖੱਬੀ ਗੱਲ੍ਹ ਨਹੀਂ

ਜਿਸ ਤੇ ਅਰਥ ਚਪੇੜ ਬਣ ਉੱਗੇ
ਮੈਂ ਤਾਂ ਮਨੁੱਖੀ ਬੁੱਲ੍ਹਾਂ ਦੇ
ਚੁੰਮਣਾ ਦਾ ਆਸ਼ਕ ਹਾਂ
ਆਪਣੀਆਂ ਗੱਲ੍ਹਾਂ ਦੀ ਧਰਤੀ ਤੇ
ਭਿੰਨ ਰੰਗੀ ਬੁੱਲ੍ਹਾਂ ਦੀ ਛਾਪ ਦਾ ਕਾਇਲ ਹਾਂ

-0-

ਮੈਂ ਅੰਤਰ ਹਾਂ
ਆਤਮ-ਛਾਂ ਨਹੀਂ
ਜਿਸਦੀ ਧੁੱਪ 'ਚ ਅੱਖ੍ਹਾਂ ਸਾਹਵੇਂ
ਕਿਸੇ ਮੈਨਾ ਦੇ ਤੋਤਲੇ ਬੋਲ ਝੁਲਸ ਜਾਣ
ਮੈਂ ਤਾਂ ਬਿਨ ਕੰਧਾਂ ਕ਼ਮਰਾ ਹਾਂ
ਸਾਰੇ ਦਾ ਸਾਰਾ
ਉੱਡੀਕਾਂ 'ਚ ਬੈਠੀ ਛੰਨ ਹਾਂ
ਮੈਂ ਆਪਣੇ ਸਾਹਾਂ 'ਚ ਰਲਦਾ ਜਾ ਰਿਹਾਂ
ਆਪ੍ਣੇ ਖ਼ਿਲਾਫ਼ ਵਿਰੋਧ ਹਾਂ
ਮੈਂ ਅੰਤਰ
ਇਕ ਯਤਨ ਹਾਂ
ਡੋਰੀ ਤੇ ਸਿੱਧਾ ਤੁਰਨ ਦਾ

-----

# ਗਰਦ ਦੀ ਦੀਵਾਰ

ਉਹ ਜੋ ਸੂਰਜ ਦੁਆਲੇ
ਧਰਤੀ ਵਾਂਗ ਘੁੰਮ ਗਏ
ਆਰਜ਼ੀ ਰੁੱਤਾਂ ਦੀ ਮਹਿਕੀਂ ਜਾ ਵੜੇ
ਪੈਰਾਂ ਚੋਂ ਉੱਠੀ
ਗਰਦ ਵਿਚ ਹੀ ਗੁੰਮ ਗਏ

–0–

ਉੱਗਿਆ ਸੀ
ਸੂਲ ਦੀ ਨੋਕ ਤੇ ਜੋ ਸੁਫ਼ਨਾ
ਮਨ ਦੀ ਧਰਤੀ ਚੋਂ
ਨਜ਼ਰ ਦੇ ਮੈਦਾਨੇ ਜੰਗ 'ਚ
ਝੌਲਿਆਂ ਸੰਗ ਰਲ ਗਿਆ
ਖੋਪਰੀ ਦੇ ਕੁਰੂਕਸ਼ੇਤਰ 'ਚ
ਰੇਤ ਵਾਂਗ ਭੁਰ ਗਿਆ

–0–

ਅਰਥ ਦੀ ਵਫ਼ਾਦਾਰੀ ਦਾ ਸਾਹ
ਸੀ ਜਿਸ ਜਿਸਮ ਵਿਚ ਦੌੜਦਾ
ਅੱਜ ਵਾਂਗ ਪੱਥਰ ਜਿਸਮ
ਭਰਮੀ ਜੂਨ ਅੱਗ ਦੀ ਭੋਗਦਾ
ਅੱਗ ਤਾਂ ਅੱਗ ਹੈ
ਮੱਚਣ ਦੀ ਮੁਥਾਜ ਨਹੀਂ
ਅੱਗ ਦਾ ਪੱਥਰ ਦੀ ਦੇਹ ਵਿਚ ਭਰਮ ਹੈ
ਵਾਸ ਨਹੀਂ

–0–

ਧੂੰਆਂ ਹੈ ਸਾਰਾ
ਮੱਚਣ ਤੋਂ ਪਹਿਲਾਂ
ਜੋ ਵਿਚਲੀ ਅੱਗ ਤੋਂ ਜਾਣੂ ਨਹੀਂ
ਇਸ ਲਈ ਤਾਂ
ਮਰਨ ਤੀਕ ਮੱਚੇ ਨਾ ਉਹ
ਸੱਚ ਦੇ ਕਿਨਾਰਿਆਂ 'ਚ
ਭਰਮ ਦਾ ਦਰਿਆ ਸੀ ਵਗ ਰਿਹਾ
ਕਾਫ਼ਲੇ ਨੂੰ ਉਹ
ਉਨ੍ਹਾਂ ਨੂੰ ਕਾਫ਼ਲਾ
ਜਾਣੀ ਪਹਿਚਾਣੀ ਗਰਦ ਚੋਂ
ਅਜ਼ਨਬੀ ਦਾ ਅਜ਼ਨਬੀ ਸੀ ਲੱਗ ਰਿਹਾ

-0-

ਹੁਣ ਉਹ ਉਨ੍ਹਾਂ ਸਮੇਤ
ਇਕਾਈ ਬਣ ਘੁੰਮੇ ਧਰਤੀ ਦੁਆਲੇ
ਆਪਣੇ ਚੋਂ ਉਨ੍ਹਾਂ
ਜਦ ਧੁਰਾ ਗੁਆਚਾ ਵੇਖਿਆ
ਤਾਂ ਆਖਿਆ
"ਰੁੱਤਾਂ ਦੇ ਨਾਂ ਬਦਲੀ ਕਰੋ
ਤੇ ਦਿਸ਼ਾਵਾਂ ਦੇ ਬੰਨੇਰੀਂ
ਪਿਘਲ ਦੇ ਸੂਰਜ ਧਰੋ
ਰਾਹਾਂ 'ਚ ਅੱਖ੍ਹਾਂ ਬੀਜ ਕੇ
ਖੋਪਰੀ ਦੇ ਕੁਰੂਕਸ਼ੇਤਰ 'ਚ
ਸਦਮਾ ਤਰੂ ਗਏ ਸਫ਼ਰ ਦਾ ਤਾਜ਼ਾ ਕਰੋ"

-0-

ਰੁੱਖਾਂ ਤੋਂ ਝੜ ਰਹੇ ਪੱਤਿਆਂ 'ਚ
ਕਦੋਂ ਨੇ ਜਿਉਂਦੀਆਂ ਛਾਵਾਂ
ਚਾੜ੍ਹਕੇ ਹਮਨਸਲ ਹਮ ਉਮਰ ਸੂਰਜ
ਸਭ ਸਬਜ਼ਾ ਕਰੋ
ਸਫ਼ਰ ਹੈ ਸਿਰ ਭਾਰ ਚਲਣ ਦਾ
ਰਾਹ ਨਾ ਪੈਰਾਂ ਦਾ ਕਰਮ ਹੀ
ਮੇਚ ਹੈ ਸਾਡੇ
ਸ਼ਬਨਮ ਦੇ ਕਤਰੇ ਚੋਂ
ਕਈ ਸੂਰਜ ਉਗਾਉਣੇ ਨੇਂ
ਮੌਸਮ ਪੱਤਝੜਾਂ ਦਾ ਦਿਸ਼ਾਂ ਹੇਠ ਹੈ ਸਾਡੇ

-0-

ਇਹ ਚਿਹਰਾ ਹੀ
ਪ੍ਰਕਿਰਤੀ, ਦ੍ਰਿਸ਼ਟੀ ਤੇ ਸਰਿਸ਼ਟੀ ਹੈ
ਨਜ਼ਰ ਨੂੰ ਸੋਗ ਦੀ ਲਾਂ ਤੇ ਨਾ ਟੰਗੋ
ਖ਼ੁਦ ਸਿਰਜੇ ਹਨ੍ਹੇਰੇ ਨੂੰ
ਤੈਰ ਉਸ ਪਾਰ ਜਾਣਾ ਹੈ
ਦਰ ਖੋਲ੍ਹੋ ਕਦਮ ਪੁੱਟੋ
ਨਜ਼ਰ ਸੰਗ ਰੌਸ਼ਨੀ ਰੰਗੋ

-----

## ਸ਼ਬਦ ਸੋਚ ਬਰਾਬਰ ਅਰਥ

ਮੈਂ
ਬਿਖ਼ਰੀ ਜ਼ਿੰਦਗੀ ਚੋਂ
ਸਬੂਤਾ ਆਦਮੀ
ਤਿੜਕੇ ਮਨੁੱਖ ਚੋਂ
ਸਾਲਮ ਜ਼ਿੰਦਗੀ ਸਿਰਜਦਾ ਹਾਂ
ਮੈਂ
ਹਰ ਧੁੱਪ ਦੇ ਟੋਟੇ ਚੋਂ ਪੂਰਾ ਸੂਰਜ
ਤੇ ਉਸ 'ਚ ਵਗ ਰਹੀ
ਕਿਰਨਾਂ ਦੀ ਨਦੀ ਤੱਕਦਾ ਹਾਂ

-0-

ਮੈਂ ਹਰ ਰੋਜ਼ ਤਾਂ ਨਹੀਂ
ਪਰ ਕਈ ਵਾਰ
ਧਰਤੀ 'ਚ ਸੂਰਜ ਗਰਕਦਾ
ਤੇ ਚੰਨ ਤਾਰੇ ਹਨ੍ਹੇਰੇ 'ਚ
ਰੁਸ਼ਨਾਂਦੇ ਤੱਕੇ ਹਨ
ਜਗਣਾ ਚਾਨਣ ਨੂੰ ਵਰ ਹੈ ਸ਼ਾਇਦ
ਹਨ੍ਹੇਰੇ ਨੂੰ ਸਰਾਪ
ਭਾਸ਼ਾ ਸੋਚ ਤੇ ਅਰਥ ਦਾ
ਕੈਸਾ ਬੇਹਿਸਾਬਾ ਹੈ ਹਿਸਾਬ

-0-

ਮੈਂ ਆਪਣੀ ਸੋਚ ਨੂੰ
ਮਿਰਗਤ੍ਰਿਸ਼ਨਾ ਦਾ ਫਤਵਾ ਦੇਣ ਤੋਂ ਪਹਿਲਾਂ
ਦੇਹ ਦਾ ਆਲਿੰਗਣ ਤਿਆਗ
ਅੱਖੀਆਂ 'ਚ ਵਿੱਛੀ
ਸਵੈ-ਨੰਗੀ ਰੌਸ਼ਨ ਬਰਫ਼ ਤੇ
ਤੁਰਨਾ ਤੱਕ ਲਿਆ ਹੈ

ਕਿਉਂਕਿ ਸਿਰਜਨ ਪਲਾਂ 'ਚ
ਮੱਥੇ ਦੀ ਲੋਅ ਸੰਗ
ਦੇਹ ਦਾ ਖ਼ੂਹ ਵੀ ਗਿੜ ਰਿਹਾ ਹੁੰਦੈ
ਜਿਸਮ ਦਾ ਹਰ ਅੰਗ
ਵੇਖ ਸੋਚ ਤੇ ਸੁਣ ਰਿਹਾ ਹੁੰਦੈ

-0-

ਬਰਫ਼ ਜੋ ਸੜ ਸੜ ਕੇ ਠਰੀ ਹੈ
ਪਿਘਲ ਪਿਘਲ ਕੇ ਜਗੀ ਹੈ
ਮੇਰੇ ਆਪਣੇ ਤੇ ਰੁੱਖਾਂ ਵਿਚਕਾਰ
ਲੋਅ ਦੀ ਨਦੀ ਬਣ ਵਗੀ ਹੈ

-0-

ਜੰਗਣਾ
ਸਿਰਫ਼ ਆਪਣੇ ਹੀ ਚਿਹਰੇ ਨੂੰ
ਵਾਰ ਵਾਰ ਸ਼ੀਸ਼ੇ ਚੋਂ
ਵੇਖਣਾ ਨਹੀਂ ਹੁੰਦਾ
ਸਗੋਂ ਆਪਣੇ ਆਪ ਨੂੰ
ਪੋਰੀ ਪੋਰੀ ਕਰ
ਦਰਪਣ-ਧਰਤ 'ਚ ਬੀਜਣਾ ਹੁੰਦੈ
ਸੂਰਜ ਹਮੇਸ਼ਾਂ ਇੰਜ ਉੱਗਦਾ ਹੈ
ਪ੍ਰੰਪਰਾਗਤ ਪ੍ਰਕਿਰਤੀ ਨੂੰ ਹੀ ਡੁੱਬਦਾ ਲੱਗਦਾ ਹੈ

-0-

ਜ਼ਖ਼ਮ ਦੀ ਕੋਈ ਵੀ ਕਿਸਮ
ਨਿਰੀ ਪੀੜ ਕਦੇ ਨਹੀਂ ਹੁੰਦੀ
ਹੰਝੂ ਸਮੇਂ ਦੀ ਕਿਸਮ ਦਾ ਪ੍ਰਤੀਕ ਹੈ
ਹੰਝੂ ਸਮਾਂ ਰੋਇਆ ਹੈ
ਹੰਝੂ ਕਦੇ ਨਹੀਂ ਰੋਇਆ
ਸਫ਼ਰ ਆਪਣੇ ਤਕ ਪਰਤਣ ਤੋਂ

ਅਗੇਰੇ ਦਾ ਹੈ
ਜ਼ਿੰਦਗੀ ਕਾਫ਼ਲਾ ਹੈ
ਲਹੂ ਤੇ ਮੁੜ੍ਹਕੇ ਦੇ ਰੰਗ ਦਾ
ਇਸ ਰੰਗ ਤੋਂ ਵੱਖਰਾ
ਜ਼ਿੰਦਗੀ ਦਾ
ਕਦੇ ਕੋਈ ਰੰਗ ਨਹੀਂ ਹੋਇਆ

-0-

ਮੈਂ
ਬਿਖ਼ਰੀ ਜ਼ਿੰਦਗੀ ਚੋਂ
ਸਬੂਤਾ ਆਦਮੀ
ਤਿੜਕੇ ਮਨੁੱਖ ਚੋਂ
ਸਾਲਮ ਜ਼ਿੰਦਗੀ ਸਿਰਜਦਾ ਹਾਂ
ਮੈਂ
ਹਰ ਧੁੱਪ ਦੇ ਟੋਟੇ ਚੋਂ ਪੂਰਾ ਸੂਰਜ
ਤੇ ਉਸ 'ਚ ਵਗ ਰਹੀ
ਕਿਰਨਾਂ ਦੀ ਨਦੀ ਤੱਕਦਾ ਹਾਂ

-----

# ਸਲੀਬ ਤੇ ਲਟਕਦਾ ਈਸਾ

ਉਸਦਾ ਚਿਹਰਾ
ਆਪਣੇ ਹੀ ਲਹੂ ਨਾਲ ਲਿੱਬੜਿਆ
ਤੇ ਅੱਖ੍ਹਾਂ
ਦਰਪਣ ਮਾਧਿਅਮ ਤੋਂ ਬਿਨਾਂ
ਚਿਹਰੇ ਤੇ ਲਿਖੀ ਭਾਸ਼ਾ ਤੋਂ
ਅਗਿਆਤ ਸਨ
ਹੱਡਾਂ ਤੇ ਪਏ ਨੀਲ
ਹਨ੍ਹੇਰੇ 'ਚ ਫੈਲਦੀ ਜਾ ਰਹੀ
ਰੌਸ਼ਨੀ ਦੇ ਸੂਚਕ ਸਨ

-0-

ਉਹ ਪਿਛਵਾੜੇ
ਜੋ ਕੁੱਝ ਵੀ ਛੱਡ ਆਇਆ
ਗਿੱਲੀ ਲੱਕੜ ਵਾਂਗ ਧੁੱਖ ਰਿਹਾ
ਵਿਦਰੋਹ ਸੀ
ਉਸਦੇ ਅੱਗੇ
ਇਕ ਸਮੁੰਦਰ ਸੀ ਸਰਪਟ ਦੌੜਦਾ
ਮੂੰਹ 'ਚ ਸੂਰਜ ਛੁਪਾ

-0-

ਉਸ ਸਵੈ ਜਾਣਨ ਦੀ ਯਤਨਸ਼ੀਲਤਾ ਚੋਂ
ਆਪਣਾ ਆਪ
ਹਵਾ 'ਚ ਲਟਕਦਾ ਪਾਇਆ
ਤੇ ਪਿੱਛੇ
ਕੁੱਤਿਆਂ ਦੀ ਵਾਹਰ
ਹਵਾ 'ਚ ਹੋ ਰਹੀ
ਅਜੀਬ ਗਤੀ ਤੇ ਭੌਂਕਦੀ ਪਾਈ
ਪੈਰਾਂ ਚੋਂ ਸੰਭਵ ਨਜ਼ਰ ਯੋਗਤਾ ਤਕ

ਸਮੁੰਦਰੀ ਭੈਅ
ਉਸ ਫੈਲਿਆ ਤੱਕਿਆ
ਤੇ ਸੂਰਜ ਵਾਂਗ
ਸਮੁੰਦਰ 'ਚ ਡੁੱਬ ਜਾਣ ਤੇ ਵੀ
ਗਿੱਲੀ ਲੱਕੜ ਦੇ ਸੁਲਾਭੇ
ਧੂੰਏਂ ਦੀ ਸੂਲੀ ਲਟਕ ਰਿਹਾ ਸੀ ਉਹ

-0-

ਕੁੱਤੇ ਹਵਾ ਦੇ ਖੜਕੇ ਚੋਂ
ਸੂਰਜ ਸਮੁੰਦਰ ਤੇ ਉਸਨੂੰ ਭਾਲਦੇ
ਦੰਦਰਾਲ ਚੋਂ ਰਾਲੀਂ ਟੱਪਕੇ
ਲਹੂ ਦੇ ਸਵਾਦ ਪਿੱਛੇ ਨੱਸ ਰਹੇ ਸਨ
ਆਪਣੀ ਹੀ ਦੁੰਬ ਮੂੰਹ 'ਚ ਲੈ
ਚਕਰਵਿਯੂ ਸਿਰਜ ਰਹੇ ਸਨ

-0-

ਉਸਨੂੰ ਤਾਂ
ਅਸਲ 'ਚ
ਪਿੱਛਲਗ ਸਲਾਭੇ ਧੂੰਏਂ ਨੇ ਚਬਾ ਲਿਆ ਸੀ
ਗਿੱਲੀ ਲੱਕੜ ਨੇ ਖਾ ਲਿਆ ਸੀ
ਉਹ ਜੋ
ਧੁੱਖਦਾ ਧੁੱਖਦਾ ਬਲ ਪਿਆ ਸੀ
ਬਲਦਾ ਬਲਦਾ
ਸਮੁੰਦਰੀ ਕੰਢੇ ਤੇ ਬੈਠਾ ਧੁੱਖ ਰਿਹਾ ਸੀ

-----

## ਪਾਣੀ ਚੋਂ ਉੱਗਿਆ ਪੱਥਰ

ਜੀਵਨ ਗਤੀ
ਇਕ ਨਜ਼ਰੀਆ ਹੈ
ਟੁੱਟਣ ਭੱਜਣ ਦਾ ਸ਼ਿਕਵਾ ਗਿਲਾ
ਅਰਥਹੀਣ ਬਸ ਕੁਸੈਲੇ ਸ਼ਬਦ ਹਨ

-0-

ਆਪਣੇ ਆਪ ਨੂੰ ਲਿਤਾੜ
ਆਪਣੇ ਆਪ ਤੋਂ
ਗੱਡੀ ਦੇ ਪਹੀਏ ਵਾਂਗ ਗੁਜ਼ਰਨਾ
ਪਟੜੀ ਵਾਂਗ ਸਦਾ ਜਿਊਣਾ
ਮੌਤ ਤੋਂ ਭੈਅ ਮੁਕਤ ਹੋਣਾ
ਸਮੇਂ ਦੇ ਕੱਦ ਜੇਡੀ ਸੋਚ ਸਿਰਜਣਾ

-0-

ਪਸੀਜੇ ਦਿਲ ਦਾ
ਸਥੂਲ ਅੱਥਰੂ ਬਣ ਅੱਖਾਂ 'ਚ ਜੰਮਣਾ
ਗਰਭਈ ਇੱਛਾ ਦੇ ਵਿਹੜੇ
ਇੱਛਕ ਵਜੂਦ ਦਾ ਸੂਲ ਬਣ ਉੱਗਣਾ
ਸ਼ੀਸ਼ੇ ਦੀ ਗਰਭ ਚੋਂ
ਜਨਮੇ ਬੱਚੇ ਲਈ
ਮਾਂ ਠੰਢੀ ਛਾਂ
ਜਾਂ
ਮਿਰਜ਼ਾ ਬਿਨ ਭਰਾਵੋਂ ਮਾਰਿਆ
ਅਰਥਹੀਣ ਸ਼ਬਦ ਹਨ
ਸ਼ਬਦਹੀਣ ਅਰਥ ਹਨ
ਵਕਤ ਆਪਣੇ ਹੀ
ਪਿੱਛੇ ਲੱਗੀ ਚੀਖ਼ ਹੈ
ਆਪਣੇ ਹੀ ਆਪਨੂੰ ਤੈਰਦਾ ਦਰਿਆ ਹੈ

ਪਰੰਪਰਾ
ਆਪਣੇ ਸਾਹਾਂ 'ਚ
ਆਧੁਨਿਕ੍ਰਤਾ ਹੈ ਜੀਅ ਰਹੀ
ਸੋਚ ਹੈ
ਸਵੈ ਲਹੂ ਸੰਗ ਲਿੱਬੜੀ
ਜੀਵਨ ਸਮੁੰਦਰ ਪੀ ਰਹੀ
ਰਾਹ ਦੀ ਉਂਗਲ ਨਾ ਲੱਗੋ
ਦਰਪਣ ਆਪਣੇ ਅਨੁਸਾਰ ਕਰੋ
ਮੌਤ ਅ-ਦਮ ਹੈ
ਦਮ ਦੀ ਗਤੀ ਨਹੀਂ
ਜਿਸਮ ਤੇ ਝੁੱਲ ਰਹੀ ਹਨ੍ਹੇਰੀ ਹੀ ਸਹੀ
ਟਾਹਣਾ ਦੇ ਚੀਖ਼ ਕੇ ਟੁੱਟਣ ਤਕ ਠਹਿਰੋ
ਜਿਮੀਂ 'ਚ ਸੁੱਤੇ ਬੱਦਲਾਂ ਦਾ
ਜਾਗਣ ਤੋਂ ਵਰ੍ਹਣ ਤਕ ਇੰਤਜ਼ਾਰ ਕਰੋ
ਐਵੇਂ ਨਾ ਗੱਡੀ ਦੇ ਪਹੀਆਂ ਚੋਂ
ਗਤੀ ਮਨਫ਼ੀ ਕਰੋ
ਮੁਸਫਿਰ ਹੋ ਨਾ ਰਾਹ ਖੁਆਰ ਕਰੋ

-0-

ਸੀਨੇ ਦਾ ਜ਼ਖ਼ਮ ਹੀ
ਮਰਦਾਨਗੀ ਜਾਂ ਜ਼ਿੰਦਾਦਿਲੀ ਨਹੀਂ
ਪਿੱਠ ਚੋਂ ਜਨਮੇਂ
ਫੱਟ ਨੂੰ ਤੱਕੋ
ਮੌਨ ਨਾ ਧਾਰੋ ਕੁੱਝ ਵੀ ਕਹੋ
ਸੱਚ ਝੂਠ ਇਜ਼ਹਾਰ ਕਰੋ
ਚਿਹਰੇ ਚੋਂ ਸ਼ੀਸ਼ੇ ਤੇ ਇਤਬਾਰ ਕਰੋ
ਸ਼ੀਸ਼ੇ ਚੋਂ ਚਿਹਰੇ ਨੂੰ ਸ਼ਰਮਸਾਰ ਕਰੋ

-0-

ਜੀਵਨ ਹੈ ਅਜੀਵਨ
ਜੇ ਸਾਹਾਂ ਤੋਂ ਪਾਣੀ ਦੇ ਕਤਰੇ ਤੱਕ
ਤਾਂ ਸਮੁੰਦਰ ਦੀ ਬੁੱਕਲ 'ਚ
ਪਿਆਸੀ ਧਰਤ ਦੀ
ਇਬਾਦਤ ਨਾ ਦੁਹਰਾਓ
ਕਰ ਸਕੋ
ਤਾਂ ਸ਼ਬਦਾਂ ਦੇ ਖੁਸ਼ਕ ਸਹਿਰਾ ਦੇ
ਸਭ ਅਰਥ ਬਹਾਰ ਕਰੋ

-0-

ਜੀਵਨ ਗਤੀ
ਇਕ ਨਜ਼ਰੀਆ ਹੈ
ਟੁੱਟਣ ਭੱਜਣ ਦਾ ਸ਼ਿਕਵਾ ਗਿਲਾ
ਅਰਥਹੀਣ ਬਸ ਕੁਸੈਲੇ ਸ਼ਬਦ ਹਨ

-----

## ਅਗਤੀ ਚੋਂ ਜਨਮੀਂ ਗਤੀ

ਮੇਰੀਆਂ ਅੱਖ਼ਾਂ 'ਚ
ਰਾਤ ਤੱਕਦੀ ਰਹੀ
ਆਪਣੇ ਸੁੱਖ ਹੱਥਾਂ ਤੇ ਬਾਲ ਕੇ
ਮੇਰਿਆਂ
ਪੈਰਾਂ ਦੀ ਹਸਰਤ ਲਈ
ਦਿਨ ਦਾ ਚਾਨਣ
ਰਾਹਾਂ 'ਚ ਵਿੱਛਿਆ
ਰੂਹ ਤੋਂ ਬਸਤਰ ਉਤਾਰਕੇ

-0-

ਮੈਂ
ਆਪਣੇ ਰੂ-ਬ-ਰੂ ਹੋ ਕੇ
ਆਪਣੀ ਚੁੱਪ ਚੇਤਨਤਾ 'ਚ
ਸ਼ਬਦਾਂ ਦੇ ਪਹਾੜ
ਤੇ ਸਮੁੰਦਰ ਅਰਥਾਂ ਦੇ ਸਮੋ ਕੇ
ਚੌਰਾਹੇ 'ਚ ਆ ਖੜ੍ਹਿਆ
ਮੇਰੇ ਜਿਸਮ ਤੋਂ
ਮੌਸਮ ਪੱਤਝੜ ਦਾ
ਚਾਨਣ 'ਚ ਹਨ੍ਹੇਰੇ ਵਾਂਗ ਆ ਝੜਿਆ

-0-

ਚੌਰਾਹੇ ਦਾ ਫ਼ਰਸ਼
ਸਾਫ਼ ਨਿਤਰੀ ਸੋਚ ਵਰਗਾ ਸੀ
ਪੈਰਾਂ ਦੀ ਜੀਭ ਤੇ
ਸੁਫ਼ਨਈ ਹਕੀਕਤਾਂ ਦੇ ਉਮਰਈ ਛਾਲੇ ਸਨ
ਬਸ ਇਕ ਕਦਮ ਪੁੱਟਣਾ ਸੀ
ਮਸਤਕ ਦੀ ਲੋਅ ਆਖੇ
ਮੈਂ ਰਾਹਾਂ ਦੇ ਹਵਾਲੇ ਸਾਂ
ਰਾਹ ਮੇਰੇ ਹਵਾਲੇ ਸਨ

-0-

ਕਾਫ਼ਲੇ ਸੂਰਜਾਂ ਦੇ
ਵਿਲਕਦੇ ਜਿਸਮ ਮੰਜ਼ਿਲਾਂ ਦੇ
ਦ੍ਰਿਸ਼ਟੀ ਵਿਜੈ ਤੇ ਰਣ-ਭੂਮੀ
ਪੈਰਾਂ ਦੇ ਦੁਆਲੇ ਸਨ
ਇਕ ਜਾਨ ਸੀ ਮੇਰੀ
ਕਿ ਪੁਰਸਲਾਤੀ ਪੁਲ ਤੋਂ
ਨੱਚਦੀ ਗੁਜ਼ਰ ਗਈ
ਇਕ ਇਕ ਪੈਰ ਤੇ
ਉਂਜ ਸੈਂਕੜੇ ਮੌਤਾਂ ਦੇ ਪਹਿਰੇ ਸਨ

-0-

ਬੁੱਧ ਬਲ
ਆਪਣੀ ਆਗੋਸ਼ 'ਚ ਆ ਕੇ ਵੀ
ਹੁਣ ਤਕ ਨਹੀਂ ਭੁੱਲਿਆ
ਰੂਹ ਤੋਂ ਜਿਸਮ ਲਾਹ
ਡਰਨੇ ਵਾਂਗ
ਮੈਂ ਜਦੋਂ ਮੱਕੀ ਦੇ ਖੇਤ 'ਚ ਗੱਡਿਆ
ਜਿਉਣ ਚੇਤਨਾ ਤੋਂ ਮੁਕਤ
ਸ਼ਬਦੀ ਖੋਲ ਤੋਂ ਵੱਖਰਾ
ਅਰਥ ਅਮਲ ਬਣ
ਪੱਤਝੜ ਦੀ
ਮਾਰੂ ਉਮਰ ਜਿੰਨਾ ਸਮਾਂ
ਮੈਂ ਜਿਉਂਦਾ ਰਿਹਾ
ਜ਼ਖ਼ਮ ਮਸਤਕ ਦਾ
ਮੰਜ਼ਿਲ ਦੀ ਬੁੱਕਲ 'ਚ
ਧਾਗਾ ਸਾਹਾਂ ਦਾ
ਨਜ਼ਰ ਦੀ ਸੂਈ 'ਚ ਪਾ ਕੇ
ਮੈਂ ਸਿਉਂਦਾ ਰਿਹਾ
ਇਕ ਗਤੀ-ਰਹਿਤ ਯੁੱਗ
ਸਮਾਂ ਹੋ ਕੇ ਮੈਂ ਜਿਉਂਦਾ ਰਿਹਾ

-0-

ਮੇਰੀਆਂ ਅੱਖ੍ਹਾਂ 'ਚ
ਰਾਤ ਤੱਕਦੀ ਰਹੀ
ਆਪਣੇ ਸੁੱਖ ਹੱਥਾਂ ਤੇ ਬਾਲਕੇ
ਮੇਰਿਆਂ
ਪੈਰਾਂ ਦੀ ਹਰਕਤ ਲਈ
ਦਿਨ ਦਾ ਚਾਨਣ
ਰਾਹਾਂ 'ਚ ਵਿੱਛਿਆ
ਰੂਹ ਤੋਂ ਬਸਤਰ ਉਤਾਂਰ ਕੇ

-----

# ਦੇਹ ਪਿੱਛੇ ਦੌੜਦੇ ਸਾਏ

ਉਨ੍ਹਾਂ
ਹਨ੍ਹੇਰੇ 'ਚ ਪਏ ਸੂਰਜ ਤੇ ਥੁੱਕਿਆ
ਹੱਥਾਂ ਵਿਚਲੀ ਹਰਕਤ
ਪੈਰਾਂ ਚੋਂ ਜਨਮਿਆ ਫ਼ਜ਼ੂਲ ਪੈਂਡਾ
ਉਸ ਦੇ ਮੱਥੇ ਮਾਰਿਆ
ਅੱਖ੍ਹਾਂ ਬੰਦ ਕਰ
ਆਪਣੀ ਜ਼ੁਬਾਨ ਚੋਂ ਫੁੱਟਿਆ ਕੋਹੜ
ਉਸ ਤੇ ਤਰੌਂਕ
ਭਾਸ਼ਕ ਸੜਿਆਂਦ ਖਲਾਰਦੇ ਹੋਏ
ਉਹ ਅੱਗੇ ਨਿਕਲ ਗਏ

-0-

ਉਨ੍ਹਾਂ
ਜੋ ਕੁੱਝ ਵੀ ਵੇਖਿਆ
ਕਿਹਾ ਨਹੀਂ ਸੀ
ਜੋ ਕੁੱਝ ਵੀ ਕਿਹਾ
ਵੇਖਿਆ ਨਹੀਂ ਸੀ
ਭਰਮ ਸੱਚ ਬਣ
ਆਪਣੀ ਹੀ ਪ੍ਰਕਰਮਾਂ
ਕਰੀ ਜਾ ਰਹੇ ਸਨ ਦਿਨ ਰਾਤ
ਨਾ ਉਨ੍ਹਾਂ 'ਚ ਚਾਨਣ ਸੀ
ਨਾ ਚਾਨਣ 'ਚ ਉਹ
ਆਪਣੇ ਦੁਆਲੇ ਬੁਣਿਆ
ਸੁਫ਼ਨਿਆਂ ਸੋਚਾਂ ਦਾ ਜਾਲ
ਦੇਹ ਨੂੰ ਖਾ ਰਿਹਾ ਸੀ
ਤੇ ਉਹ ਆਂਪਣੀ ਹੀ ਪੂੱਛਲ ਮੂੰਹ 'ਚ ਲੈ
ਚਬਾਈ ਜਾ ਰਹੇ ਸਨ

-0-

ਸਿਆਣੇ ਜਾਣਦੇ ਨਹੀਂ ਸਨ
ਹਨ੍ਹੇਰੇ ਦਾ ਸੱਚ
ਮੂਰਖ਼ਤਾ ਦੀ ਜੜ੍ਹ
ਬਸ ਆਪਣੀ ਅਵਾਜ਼ ਸੁਣਦੇ
ਸੱਚ ਨੂੰ ਲਿਤਾੜਦੇ
ਅੱਗੇ ਨਿਕਲ ਗਏ
ਉਨ੍ਹਾਂ ਸੰਗ ਰਲਣ ਲਈ
ਜਿਨ੍ਹਾਂ ਦੇ ਅੱਗੇ ਕੁੱਝ ਨਹੀਂ ਸੀ
ਪਿੱਛੇ ਸੱਚ ਨੂੰ
ਗਰਦਨ ਤਕ ਲਿਤਾੜਦਾ ਹਨ੍ਹੇਰ ਸੀ

-----

## ਬੌਣੇ ਰੁੱਖ

ਲਫ਼ਜ਼ ਹਨ
ਪੁੱਗਦੇ ਹੀ ਨਹੀਂ
ਅਰਥ ਹਨ ਮੁੱਕਦੇ ਹੀ ਨਹੀਂ
ਬਸ ਇਕ ਸਮੁੰਦਰ
ਕਦੀ ਕਤਰਾ ਕਦੀ ਅਥਾਹ
ਹਰ ਰੋਜ਼ ਹੈ
ਸਾਹਾਂ ਦੀ ਸੂਲੀ ਲਟਕਦਾ

-0-

ਅੰਦਰ ਫੱਟ ਰਹੇ ਹਨ
ਅਰਥਾਂ ਦੇ ਜੁੱਸੇ
ਬਾਹਰ ਸਭਿਅਤਾ ਨੂੰ ਮੇਚ ਨਹੀਂ
ਅਰਥਾਂ ਦੀ ਰੂਹ

-0-

ਚਾਨਣ ਹਨ੍ਹੇਰ ਰੌਣਕਾਂ ਤੇ ਥੇਹ
ਦੀ ਗੱਲ ਕਾਰਨ ਗੱਲ ਤੁਰਦੀ ਰਹੀ
ਪਹੁੰਚਿਆ ਨਾ ਕਿਤੇ ਵੀ ਮਨੁੱਖ
ਮੁੱਠ 'ਚ ਸੂਰਜ ਲਈ
ਪੈਰੀਂ ਰਾਤ ਪਈ

-0-

ਜਲ ਹੈ ਉਵੇਂ ਦਾ ਉਵੇਂ
ਮੱਛੀਆਂ ਸਮੇਤ
ਪੈਰਾਂ 'ਚ ਵਗ ਰਿਹਾ
ਇਕ ਸੂਰਜ ਹੈ
ਸਮੁੰਦਰ ਦੇ ਮਸਤਕ ਚੋਂ
ਦਰਪਣ ਤੇ ਚੜ੍ਹਨਾ ਮੰਗ ਰਿਹਾ
ਇਕ ਧੂੰਆਂ ਹੈ

ਗਿੱਲੇ ਰੁੱਖਾਂ ਦੇ ਪਿੰਡੇ ਦਾ
ਮੱਚਣ ਲਈ ਹੈ ਜੋ ਤਰਲੇ ਲੈ ਰਿਹਾ

-0-

ਜ਼ਿੰਦਗੀ
ਅਰਥਾਂ ਸ਼ਬਦਾਂ 'ਚ ਸੀਮਤ ਨਹੀਂ
ਜ਼ਿੰਦਗੀ
ਸੂਰਜ ਵੀ ਹੈ ਤੇਜ਼ ਵੀ
ਜਲ ਠੰਡਕ ਹਵਾ ਅੱਗਣ ਸੇਕ ਵੀ
ਇਕ ਹੈ ਅਨੇਕ ਵੀ
ਲਫ਼ਜ਼ੋਂ
ਅਰਥੋਂ ਪਿਘਲ ਜਾਓ
ਜ਼ਿੰਦਗੀ ਤੋਂ ਪਹਾੜ ਓਹਲੇ
ਉੱਗੇ ਬੌਣਿਆਂ ਰੁੱਖਾਂ ਵਿਚਾਲੇ
ਵੇਖਣ ਦਿਓ
ਬੌਣਿਆਂ ਸਰੂਆਂ ਨੂੰ
ਸਿਰ ਤੋਂ ਵਗਦੀ ਨਦੀ 'ਚ
ਸੂਰਜ ਦਾ ਮੂੰਹ
ਤੇ ਆਪਣਾ ਖੁਰ ਰਿਹਾ ਕੱਦ

-----

## ਬੌਣਾ ਕੱਦ

ਕਿੰਨਾ ਸਾਫ਼-ਸੁਥਰਾ ਆਸਮਾਂ ਹੈ
ਕਿੰਨੀ ਧਰਤ ਹੈਂ ਮਹਿਕੀ ਜਿਹੀ
ਅੱਖ ਹੈ
ਫਿਰ ਅੱਥਰੂ 'ਚ ਡੁੱਬ ਗਈ
ਆਦਮੀ ਤੋਂ
ਜ਼ਿੰਦਗੀ ਹੈ
ਬਹੁਤ ਅੱਗੇ ਲੰਘ ਗਈ
ਦੇਹ 'ਚ ਸਿਮਟੀ ਰੌਣਕ ਹੈ
ਨੁੱਚੜ ਗਈ

-0-

ਉਮਰਈ ਹੌਕਾ
ਭਰਿਆ ਹੈ ਮਨੁੱਖ
ਸਮੁੰਦਰ ਅੱਗ ਦਾ
ਤਰਿਆ ਹੈ ਮਨੁੱਖ
ਕਤਰਾ ਹੀ ਸਹੀ
ਸੂਰਜ ਪਿਘਲਦਾ
ਦੇਹ ਤੇ ਜਰਿਆ ਹੈ ਮਨੁੱਖ
ਹਵਾ ਹੋ ਖੜਾ ਹੈ
ਪਾਣੀ ਹੋ ਖੁਰਿਆ ਹੈ ਮਨੁੱਖ

-0-

ਮਨੁੱਖ ਸਿਫ਼ਰੇ ਦਾ ਸਿਫ਼ਰਾ ਹੈ
ਸਫ਼ਰ 'ਚ ਗੁੰਮ ਮੰਜ਼ਿਲ ਦਾ
ਮੰਜ਼ਿਲ 'ਚ ਗੁੰਮ ਸਫ਼ਰ ਦਾ
ਮਨੁੱਖ ਦੀ ਅਪਣੀ ਛਾਂ
ਮਿੱਤਰ ਦੁਸ਼ਮਣ
ਕਦੀ ਪਿੱਠ ਤੇ ਗੁਲਾਬ

ਛਾਤੀ ਤੇ ਜ਼ਖ਼ਮ
ਕਿੰਨਾ ਕੁੱਝ ਮਨੁੱਖ ਚੋਂ ਉੱਗਿਆ ਹੈ
ਕਿੰਨੇ ਕੁੱਝ 'ਚ
ਬੀਜਿਆ ਗਿਆ ਹੈ ਮਨੁੱਖ
ਹੁਣ ਆਪਣੇ ਆਪ ਨੂੰ
ਰੁੱਖ ਜਾਂ ਬੀਜ ਕਹਿਣਾ
ਮੁੱਠ 'ਚ ਫੜੀ ਬੁੱਧੀ ਦਾ
ਕੱਦ ਚਿੱਥਣਾ ਹੈ

-0-

ਕਿੰਨਾ ਸਾਫ਼-ਸੁੱਥਰਾ ਆਸਮਾਂ ਹੈ
ਕਿੰਨੀ ਧਰਤ ਹੈ ਮਹਿਕੀ ਜਿਹੀ
ਅੱਖ਼ ਹੈ
ਫਿਰ ਅਥਰੂ 'ਚ ਡੁੱਬ ਗਈ
ਆਦਮੀ ਤੋਂ
ਜ਼ਿੰਦਗੀ ਹੈ
ਬਹੁਤ ਅੱਗੇ ਲੰਘ ਗਈ
ਦੇਹ 'ਚ ਸਿਮਟੀ ਰੌਣਕ ਹੈ
ਨੁੱਚੜ ਗਈ

-----

# ਪ੍ਰਕਰਮਾਂ

ਮੇਰਾ ਚਿਹਰਾ
ਮੈਨੂੰ ਹੀ ਇੰਜ ਲੱਗਦਾ ਹੈ
ਹਵਾ ਦੇ ਮੱਥੇ ਜੀਕੂੰ
ਦੀਵਾ ਜਗਦਾ ਹੈ
ਜਾਂ
ਜੰਗਲੀ ਹਰਿਆਵਲ ਦੇ ਨੈਣੀਂ
ਸ਼ੀਸ਼ੇ ਦਾ ਝੱਖੜ ਵੱਗਦਾ ਹੈ

-0-

ਮਨ ਕਿਸ਼ਤੀ ਲਈ
ਲਹੂ ਦਾ ਸਾਗਰ ਸੁੱਕ ਗਿਆ ਹੈ
ਸੁਰਤੀ ਦੇ ਪੈਰੀਂ
ਕਈ ਜੰਗਲ ਉੱਗ ਪਏ ਹਨ
ਸਫ਼ਰ
ਕਦਮ ਪੁੱਟਣੋਂ ਪਹਿਲਾ ਮੁੱਕ ਗਿਆ ਹੈ
ਮੈਂ ਸਮੇਂ ਸੰਗ ਚਲ ਰਿਹਾ ਹਾਂ
ਸਮਾਂ ਮੇਰੇ ਸੰਗ ਰੁਕ ਗਿਆ ਹੈ

-0-

ਮੈਂ ਜੇ ਛਾਂ ਹਾਂ
ਤਾਂ ਧੁੱਪ ਕੀ ਹੈ
ਮੈਂ ਜੇ ਚੀਖ਼ ਹਾਂ
ਤਾਂ ਚੁੱਪ ਕੀ ਹੈ
ਮੈਂ ਛਾਂ ਨਾ ਧੁੱਪ
ਚੀਖ਼ ਨਾ ਚੁੱਪ
ਮੈਂ ਇਕ ਚੇਤਨ ਤੱਵਵ ਸਤਿ
ਆਪਣੇ ਭਰਮ 'ਚ ਆਪੇ ਗੁੰਮ

-0-

ਸਾਰੇ ਵਾਦ-ਵਿਵਾਦ ਪੈਰਾਂ 'ਚ
ਪਾਇਲ ਵਾਂਗੂੰ ਛਣਕ ਰਹੇ ਹਨ
ਮਸਤਕ ਦੇ ਵਿਚ
ਹਰ ਰਾਹ ਮੰਜ਼ਿਲ
ਹਰ ਮੰਜ਼ਿਲ ਰਾਹ
ਦਿਸਹੱਦੇ ਤਕ
ਸਾਰੇ ਹੀ ਰਾਹ ਪਾਟ ਗਏ ਹਨ
ਪੈਰਾਂ ਵਿਚਲੇ ਸਫ਼ਰ ਦੀ ਜੀਭਾ ਤੇ
ਛਾਲੇ ਨੇ

-0-

ਆਪਣੇ ਆਪ ਤੇ
ਪੈਰ ਟਿਕਾ ਕੇ ਜੇ ਲੰਘ ਜਾਈਏ
ਤਾਂ ਸ਼ਹੁ ਪਾਈਏ
ਮਨ ਕਮਲੇ ਨੂੰ ਕਿੰਝ ਸਮਝਾਈਏ
ਬੁੱਧੀ ਦੀ ਸੰਗੀਨੀ ਕੰਧ ਨਾਲ
ਕਿੰਝ ਟਕਰਾਈਏ
ਬਿਨ ਸਫ਼ਰੋਂ ਤੇ ਬਿਨ ਮੰਜ਼ਿਲੋਂ
ਕਿਹੜੀ ਸੇਧੇ ਤੁਰਦੇ ਜਾਈਏ
ਆਪਣੇ ਆਪ ਤੇ
ਪੈਰ ਟਿਕਾ ਕੇ
ਕਿੰਝ ਲੰਘ ਜਾਈਏ
ਕਿੰਝ ਸ਼ਹੁ ਪਾਈਏ
ਬੁੱਧੀ ਦੀ ਜੀਭਾ ਤੇ ਮਨ ਦਾ ਛਾਲਾ ਹੈ

-----

# ਤ੍ਰਿਸ਼ਨਾ

ਮਨ ਲੋਚੇ
ਆਪਣਾ ਚਿਹਰਾ
ਆਪਣੇ ਨੰਗ ਸੰਗ ਲਿੱਪਾਂ
ਗਰਦਨ ਤੇ ਤਲਵਾਰ ਜਿਹੀ
ਅੱਖ ਪਲਕ ਨਾ ਝਪਕੇ
ਤੇ ਮੈਂ ਕੱਜਿਆ ਕੱਜਿਆ ਹੀ
ਮਰ ਜਾਵਾਂ

-0-

ਕੌਣ ਕਹੇ
ਸ਼ੀਸ਼ੇ ਦੀ ਅੱਖ ਨੂੰ
ਪਾਣੀ ਦਾ ਘੁੰਡ ਲਾ ਕੇ
ਮੈਨੂੰ ਤੱਕੇ
ਮੇਰਾ ਕੂੜ ਸਿਆਣੇ
ਆਪਣਾ ਸੱਚ ਪਛਾਣੇ

-0-

ਮੈਂ ਤੇ ਜ਼ਿੰਦਗੀ
ਇਕ ਦੂਜੇ ਵੱਲ
ਪੁੱਠੇ ਪੈਰੀਂ ਤੁਰੀਏ
ਛਾਲੇ ਵਾਂਗੂੰ ਰਿਸੀਏ
ਆਪਣੀ ਹੀ ਛਾਂ ਹੇਠਾਂ
ਬਹਿ ਬਹਿ ਧੁੱਖੀਏ
ਸਵੈ-ਸਿਰਜੀ ਧੂੜ 'ਚ ਆਪੇ
ਸੂਰਜ ਬਣ ਬਣ ਚੜ੍ਹੀਏ
ਆਪਣੀ ਛਾਂ ਨੂੰ ਸੁੱਕਣੇ ਪਾ ਕੇ
ਆਪਣੀ ਧੁੱਪ 'ਚ ਠਰੀਏ

ਕਿੰਝ ਸ਼ੀਸ਼ੇ ਚੋਂ ਆਪਣਾ ਚਿਹਰਾ
ਚਿਹਰੇ ਚੌਂ ਸ਼ੀਸ਼ਾ ਫੜੀਏ

-0-

ਮੇਰੇ
ਮੇਰੀ ਮੈਂ ਦੇ ਮੂੰਹ ਵਿਚ
ਰੰਗਲਾ ਟੁਕੜਾ ਕੱਚ ਦਾ
ਨਾ ਮੈਂ
ਮੈਂ ਦੀ ਤੂੰ ਪਛਾਣੀ
ਨਾ ਮੇਰੀ ਮੈਂ
ਰੰਗ ਪਛਾਤਾ
ਰੰਗਾਂ ਵਿਚਲੇ ਕੱਚ ਦਾ

-----

# ਤਿੰਨ ਨਿੱਕੀਆਂ ਕਵਿਤਾਵਾਂ

ਇਕ

ਇਸ ਖੂਹ ਨੂੰ ਜਦ ਕਦੀ
ਉਸ ਬੁੱਕੀਂ ਨੀਰ ਪਿਆਇਆ
ਇਸਦੀ ਧੁੰਨੀ ਚੋਂ ਵਗ ਤੁਰਿਆ
ਸਾਗਰ ਇਕ ਤ੍ਰਿਹਾਇਆ

ਦੋ

ਉਸ ਗਨਕਾ ਦਾ ਅੱਥਰਾ ਚਿਹਰਾ
ਸ਼ੀਸ਼ਾ ਅਜੇ ਨਾ ਭੁੱਲਾ
ਸੁਰਮੇਂ ਵਾਲੀ ਅੱਖ ਚੋਂ ਬਚਪਨ
ਕਤਰਾ ਕਤਰਾ ਡੁੱਲ੍ਹਾ

ਤਿੰਨ

ਸੂਰਜ ਪਿਘਲ ਕੇ ਸ਼ਬਨਮ 'ਚ
ਸਮੁੰਦਰ ਸਿਮਟ ਕੇ ਚੁਟਕੀ 'ਚ
ਅੰਬਰ ਬੂੰਦ ਬਣ
ਧਰਤੀ ਦੀ ਕੁੱਖੇ ਆਣ ਪਿਆ ਹੈ
ਰੁੱਖ ਮੈਂ ਦੇ ਜੰਗਲੀਂ ਗੁਆਚਾ
ਬਿਨ ਮੰਜ਼ਿਲਾ ਸਫ਼ਰ
ਬੇਅਰਥਾ ਹਰਫ਼ ਬਣ
ਆਪਣੀ ਹੀ ਤਲੀ ਤੇ ਉੱਗ ਪਿਆ ਹੈ
ਹੁਣ ਛਾਂ ਚੱਬਦਾ ਹੈ
ਧੁੱਪ ਥੁੱਕਦਾ ਹੈ
ਤੇ ਇਕ ਨਿਛਾਵਾਂ ਜੰਗਲ ਰੋਜ਼ ਜੰਮਦਾ ਹੈ

-----

## ਪ੍ਰਸ਼ਨੋਤਰੀ

ਚੁੱਪ ਹੈ
ਮੁਸਲੇਧਾਰ ਮੀਂਹ ਵਾਂਗ ਪੈ ਰਹੀ
ਜ਼ਿੰਦਗੀ
ਆਪਣੇ ਚੋਂ ਧੁੱਪ ਕਦੀ ਛਾਂ ਨਿਚੋੜ
ਨਦੀ ਨੂੰ ਲੱਗੀ ਹਿੱਚਕੀ ਵਾਂਗ
ਹਿੱਚਕੀ ਨੂੰ ਲੱਗੀ ਨਦੀ ਵਾਂਗ
ਪਾਣੀ ਭਾਲਦੀ
ਥਲਾਂ ਦੇ ਸਿੰਗੀਂ ਚੜ੍ਹ ਗਈ ਹੈ
ਪਿਆਸੇ ਪਾਣੀਆਂ 'ਚ ਗੁੰਮ ਗਈ ਹੈ

-0-

ਕੀ ਪੁਰਾਣਾ ਰੜਕਦਾ ਹੈ
ਕੀ ਨਵਾਂ ਸਿਰਜਦਾ ਹੈ ਮਨੁੱਖ
ਕਿਸ ਤ੍ਰਿਪਤੀ ਲਈ
ਪੇਟ ਤੋਂ ਜ਼ਿਹਨ ਤਕ ਪਸਰੀ ਹੈ ਭੁੱਖ
ਅਰਥ ਹੋਂਦ ਕਥਾ ਲਈ
ਉਵੇਂ ਦੇ ਉਵੇਂ
ਨਜ਼ਰ ਬੁੱਧ ਤੇ ਚਿੰਤਨ ਵਿਹੜੇ
ਨੰਗੇ ਲਿਟ਼ ਰਹੇ ਹਨ
ਸ਼ਬਦ ਉੱਗ ਰਹੇ ਹਨ
ਅਰਥ ਮਿੱਟ ਰਹੇ ਹਨ
ਕੰਕਰ ਕੰਕਰ ਹੋ ਪੱਥਰ
ਝਰਨਿਆਂ ਚੋਂ ਫੁੱਟ ਰਹੇ ਹਨ
ਸਤਰ ਸਤਰ ਹੋ ਮਨੁੱਖ
ਸਮਿਆਂ ਦੇ ਪੰਨਿਆਂ ਚੋਂ
ਕਿਰ ਰਿਹਾ ਹੈ

-0-

ਕਿਹੜੇ ਪੂਰਨੇ ਮਨੁੱਖ
ਹਵਾ ਦੀ ਤਲੀ ਤੇ ਵਾਹੁਣੇ ਹਨ
ਕਿਹੜੇ ਦਿਨ
ਹਨ੍ਹੇਰੀਆਂ ਰਾਤਾਂ ਜਗਾਉਣੇ ਹਨ
ਸਮੇਂ ਦੇ ਸਾਗਰ ਦਾ ਹੈ
ਰੂਪ ਕਿਹੋ ਜਿਹਾ
ਜਿਸ ਵਿਚ ਡੋਬ ਕੇ ਸੂਰਜ
ਸੂਰਜ ਚੜ੍ਹਾਉਣੇ ਹਨ

-0-

ਮਨੁੱਖ ਸਵੈ ਹੀ ਕਾਰਨ ਹੈ
ਆਪਣੀ ਚੁੱਪ ਚੀਕ ਦਵੰਧ
ਸਰਲਤਾ ਰੌਸ਼ਨੀ ਹਨ੍ਹੇਰ ਦਾ
ਆਪਣੇ ਆਪ ਦਾ
ਆਪਣੇ ਵਿਸਥਾਰ ਦਾ

-----

## ਤਰਕ ਵਿਗਿਆਨ

ਉਸਨੇ ਪਾਣੀ ਨਾਲ ਲੋਹਾ ਕੱਟਿਆ
ਤੇ ਪਾਣੀ ਸੂਰਜੀ ਕਿਰਨਾਂ ਸੰਗ
ਬਰਫ਼ 'ਚ ਬਦਲਿਆ
ਵਕਤ ਚੋਂ ਸੂਰਜ ਮਨਫ਼ੀ ਕਰ
ਜੀਵਨ ਤਲੀ ਤੇ ਟਿਕਾ ਕੇ ਤੱਕਿਆ

-0-

ਰੌਸ਼ਨੀ ਤੇ ਉਸ ਵਿਚਕਾਰ ਹਨ੍ਹੇਰ ਸੀ
ਜਿਸਨੂੰ ਤੈਰਦੇ ਹੀ ਤੈਰਦੇ
ਤਲੀ ਤੇ ਟਿਕਿਆ ਜੀਵਨ
ਉਂਗਲਾਂ ਚੋਂ ਹਵਾ ਹੁੰਦਾ ਜਾ ਰਿਹਾ ਸੀ

-0-

ਉਸਦਾ ਵੱਡਾ ਕੀਤਾ ਦਿਨ
ਆਪਣੇ ਹੀ ਪੈਰੀਂ ਡੁੱਬ ਗਿਆ ਸੀ
ਤੇ ਉਹ ਬਿਨ ਵਕਤਾ ਕਲਾਕ ਬਣ
ਸਮੇਂ ਦੀ ਅੱਖ 'ਚ
ਦਿਸ਼ਾਹੀਣਤਾ ਦੀ ਨਾਵਕਿਫ਼
ਜੂਨ ਚਿੱਥ ਰਿਹਾ ਸੀ

-0-

ਉਸ ਜਿਸ ਪਾਣੀ ਨਾਲ ਲੋਹਾ ਕੱਟਿਆ
ਤੇ ਪਾਣੀ ਸੂਰਜੀ ਕਿਰਨਾਂ ਸੰਗ
ਬਰਫ਼ 'ਚ ਬਦਲਿਆ
ਆਪਣੇ ਸਾਹਵੇਂ
ਸਵੈ ਜਮ੍ਹਾਂ ਲਈ ਤਰਸ ਰਿਹਾ ਸੀ
ਬਰਫ਼ ਦੀ ਡਲੀ ਚੋਂ ਬੂੰਦ ਜਨਮਣ ਲਈ
ਸਾਰੇ ਦਾ ਸਾਰਾ
ਹੱਡਾਂ ਤੀਕ ਬਲ ਰਿਹਾ ਸੀ

-0-

ਉਸ ਨੇ
ਆਪਣੀ ਪਿਆਸ ਤੇ
ਅੱਖਾਂ ਦੇ ਕੌਲ ਮੂਧੇ ਮਾਰ
ਆਪਣੇ ਆਪ ਨੂੰ
ਖੁਸ਼ਕ ਬੁੱਲ੍ਹਾਂ ਤਕ ਭਰਿਆ
ਮੈਂ ਦੀ ਜਮ੍ਹਾਂ ਤੋਂ
ਮੈਂ ਦੀ ਮਨਫ਼ੀ ਤਕ
ਉਹ ਤਾਅ ਵਿਹੂਣੀ ਰਾਖ਼ ਸੀ
ਹਰੇ ਪੱਤੇ ਚੋਂ
ਤੁਪਕਾ ਤੁਪਕਾ ਹੋ ਨੁਚੜਿਆ ਰੁੱਖ ਸੀ
ਸੂਈਆਂ ਦੀ ਭਾਲ 'ਚ
ਕਲਾਕ ਦੀਆਂ ਨਾੜਾਂ 'ਚ ਗੁਆਚੀ
ਗਤੀ ਸੀ

-----

## ਦਿਸ਼ਾ-ਹੀਣ

ਮੈਂ ਸਥੂਲ ਸੂਖ਼ਮ
ਇਕ ਰੋਮਨ ਦੀਆਂ ਅੱਖ੍ਹਾਂ ਚੋਂ
ਪਿਘਲ ਪਿਘਲ ਕੇ ਵਹਿ ਗਿਆ ਹਾਂ
ਸਾਰੇ ਦਾ ਸਾਰਾ ਸੜਕ-ਦੋਪਾਸੇ
ਅੰਗਿਆਰਿਆਂ ਵਾਂਗੂੰ ਉੱਗ ਪਿਆ ਹਾਂ
ਕੂਲ੍ਹਾਂ ਵਾਂਗੂੰ ਵਗ ਪਿਆ ਹਾਂ

-0-

ਮੇਰੇ ਤੋਂ ਮੇਰੇ ਤਕ ਜਾਂਦੀ
ਤੇਰੇ ਤੋਂ ਤੇਰੇ ਤਕ ਆਉਂਦੀ
ਜੀਵਨ-ਪਗਡੰਡੀ ਉੱਤੇ
ਸਾਹਾਂ ਵਾਂਗੂੰ ਵਿੱਛ ਗਿਆ ਹਾਂ
ਜਿਸਮਾਂ ਵਾਂਗੂੰ ਮਹਿਕ ਗਿਆ ਹਾਂ

-0-

ਇਕ ਫਰੈਂਚ ਦੀ ਨਾਭੀ 'ਚ
ਆਪ ਮੁਹਾਰਾ ਜਲ-ਥਲ ਬਣਕੇ
ਪਸਰ ਗਿਆ ਹਾਂ
ਉਸਦੀ ਦੇਹ ਤੋਂ
ਉਸਦੀ ਰੂਹ ਤੱਕ
ਬੱਦਲ ਹਵਾ ਚੰਨ ਸਿਤਾਰੇ
ਸੂਰਜ ਕਿਰਨਾਂ ਕਣ ਕਣ ਬਣਕੇ
ਫੈਲ ਗਿਆ ਹਾਂ

-0-

ਇਕ ਜਪਾਨਣ ਦੀ ਪਿੰਨੀ ਚੋਂ
ਮੇਰਾ ਆਪਾ
ਤੱਕ ਰਿਹਾ ਹੈ
ਬੋਲ ਰਿਹਾ ਹੈ

"ਮਨੁੱਖ ਗੁਆਚਾ ਹੋਇਆ ਵੀ
ਕਿੰਨਾ ਆਪਣੇ ਕੋਲ ਰਿਹਾ ਹੈ"
ਮੈਂ ਤੇ ਮੇਰੀ ਕਾਮ ਤ੍ਰਿਪਤੀ ਦੇ
ਸਾਰੇ ਅੰਗ
ਇਕ ਦੂਜੇ ਚੋਂ
ਮਨਫ਼ੀ ਹੋ ਕੇ ਵੀ ਜਮ੍ਹਾਂ ਹਨ
ਅੱਜ ਮਾਨਵ
ਸਵੈ-ਸੰਭੋਗੀ
ਸਵੈ- ਸੰਵਾਦੀ
ਆਪ ਗੁਆ ਕੇ ਆਪਣਾ ਆਪਾ
ਆਪੇ ਹੀ ਭਾਲਣ ਦਾ ਆਦੀ

-----

## ਸਿਫ਼ਰੇ

ਮੈਂ ਥੱਲ ਵਿਚ
ਰੁੱਖ ਹੋ ਵਾਪਰਿਆ
ਮੁਸਾਫ਼ਰਾਂ ਮੰਜ਼ਿਲਾਂ ਤੇ ਰਾਹਾਂ ਲਈ
ਸੂਰਜਾਂ ਲਈ ਧੁੱਪਾਂ ਲਈ
ਛਾਵਾਂ ਲਈ

-0-

ਮੇਰੇ ਚੋਂ
ਜਿੰਨੀਆਂ ਵੀ ਮੰਜ਼ਿਲਾਂ ਜਨਮੀਆਂ
ਮੇਰੇ ਚੋਂ
ਜਿੰਨੇ ਵੀ ਮੁਸਾਫ਼ਰ ਸਫ਼ਰ ਹੋਏ
ਮੈਂ ਉਨ੍ਹਾਂ ਦੀ ਕੰਡ ਤੇ
ਲਿਖਿਆ ਹਰਫ਼ ਹਾਂ
ਉਨ੍ਹਾਂ ਦੇ ਚਿਹਰਿਆਂ ਚੋਂ
ਮਨਫ਼ੀ ਨਕਸ਼ ਹਾਂ

-0-

ਮੈਂ ਖ਼ੁਦ ਵੀ
ਆਪਣੀ ਸਵੈ-ਨਵਾਕਿਫ਼ਤਾ ਦੇ
ਥੱਲੀਂ ਉੱਗੀ
ਜ਼ਖ਼ਮੀ ਪਹਿਚਾਣ ਹਾਂ
ਮੈਂ ਅਚੱਲ ਸਮੇਂ 'ਚ ਬੀਤਿਆ
ਸਮੇਂ ਦਾ ਵਿਰੋਧ
ਧਰਤੀ ਦਾ ਹਾਣ ਹਾਂ

-0-

ਮੈਂ
ਕਿਰਨਾਂ 'ਚ ਗੁਆਚਿਆ ਸੂਰਜ
ਹਵਾ ਦੇ ਸਿੰਗੀ ਚੜ੍ਹੀ ਖ਼ੁਸ਼ਬੋ ਹਾਂ
ਨਜ਼ਰ ਤੋਂ ਸੱਚ ਵਿਚਲਾ ਭਰਮ

ਨਜ਼ਰ ਭਰਮ ਤੇ ਸੱਚ ਵਿਚਲੀ
ਅਣਪਛਾਤੀ ਮੈਂ ਹਾਂ

-0-

ਮੈਂ
ਤੂੰ ਦੇ ਦਰ ਤੇ ਖੜ੍ਹੀ
ਮੈਂ ਤੋਂ ਮੈਂ ਦੀ ਆਵਾਜ਼ ਹਾਂ
ਦਰਿਆ ਦੇ ਮੱਥੇ 'ਚ ਵਰਗੀ
ਕੱਚ ਦੀ ਨਦੀ ਹਾਂ
ਧਰਤੀ ਚੋਂ ਫੁੱਟੀ ਸਮੇਂ ਦੀ ਗਤੀ ਹਾਂ

-0-

ਮੈਂ
ਸੂਰਜ ਦੇ ਅੰਦਰ ਦਾ ਹਨ੍ਹੇਰ ਹਾਂ
ਆਪਣੇ ਚਿਹਰੇ ਤੇ ਫੈਲੀ
ਮੈਂ ਦੀ ਸ਼ਾਮ
ਤੂੰ ਦੀ ਸਵੇਰ ਹਾਂ

------

# ਤ੍ਰਿਕੋਨਾਂ ਸੂਰਜ

ਮੇਰੇ ਵਿਚੋਂ
ਜਿਹੜਾ ਸੂਰਜ ਚੜ੍ਹਿਆ ਹੈ
ਉਸ ਲਈ
ਧਰਤੀ ਅੰਬਰ ਚੰਨ ਸਿਤਾਰੇ
ਮਸਤਕ ਦੇ ਵਿਚ ਬੀਜ ਰਿਹਾ ਹਾਂ
ਭਵਿੱਖ 'ਚ ਮਹਿਕੇ ਵੇਖ ਰਿਹਾ ਹਾਂ

-0-

ਵਰਤਮਾਨ ਦੇ ਬੋਲਾਂ ਵਰਗੇ
ਬੀਤੇ ਦੀਆਂ ਸੱਚਾਈਆਂ ਵਰਗੇ
ਰਾਹ ਮੰਜ਼ਿਲਾਂ ਦੀ ਬੁੱਕਲੋ ਗੁੰਮੇਂ
ਛਾਲਾ ਛਾਲਾ
ਪੈਂਡੇ ਬਹੁ-ਦਿਸ਼ਾਵਾਂ ਵਰਗੇ
ਭਵਿੱਖ 'ਚ ਮਹਿਕੇ ਵੇਖ ਰਿਹਾ ਹਾਂ
ਮਸਤਕ ਦੇ ਵਿਚ ਬੀਜ ਰਿਹਾ ਹਾਂ

-0-

ਜਿਸ ਸੂਰਜ ਨੂੰ
ਅੰਬਰ ਕਾਲਾ ਸੂਰਜ ਆਖੇ
ਜਿਸ ਲਈ ਧਰਤੀ
ਆਪਣੇ ਨੈਣਾਂ ਦੇ ਬੂਹੇ ਨਾ ਖੋਲ੍ਹੇ
ਜਿਸ ਲਈ ਪੌਣ ਨਾ ਬੋਲੇ
ਉਹ ਸੂਰਜ ਮੈਂ
ਆਪਣੇ ਲਹੂ 'ਚ ਰੰਗ ਆਇਆ ਹਾਂ
ਉਹ ਸੂਰਜ ਮੈਂ
ਸਿਖ਼ਰ ਦੁਪਹਿਰੇ
ਹਰ ਪੱਤੇ ਦੀ ਜੀਭਾ ਉੱਤੇ
ਟੰਗ ਆਇਆ ਹਾਂ

-0-

ਉਸ ਸੂਰਜ ਲਈ
ਹੋਂਦ ਮੇਰੀ
ਲਾਟਾਂ ਵਾਂਗੂੰ ਬਲਦੀ
ਸਾਹਾਂ 'ਚ ਪ੍ਰਵਾਜ਼ ਲਈ
ਖੰਭਾਂ ਦੀ ਦੁਨੀਆਂ ਜਲਦੀ
ਉਹ ਸੂਰਜ ਜੀਵਨ ਦੇ ਨੈਣੀਂ
ਸੁਰਮੇ ਵਾਂਗੂੰ ਪਾ ਆਇਆ ਹਾਂ
ਸਾਰੀ ਧਰਤੀ ਸਾਰਾ ਅੰਬਰ
ਮਾਂਜ ਲਿਆ ਹੈ
ਚੰਨ ਸਿਤਾਰੇ ਧੋ ਆਇਆ ਹਾਂ
ਮੈਂ ਵਿਚ ਸੂਰਜ ਹੋ ਆਇਆ ਹਾਂ

-0-

ਦੂਰ ਸਮੇਂ ਨੇ
ਆਪਣੇ ਵਿਚਲਾ ਹਨ੍ਹੇਰ
ਸਮੁੰਦਰੀਂ ਥੁੱਕਿਆ
ਪੌਣ ਮਲਹਾਰ ਅਲਾਹੇ
ਧਰਤੀ
ਸੂਰਜ ਸੂਰਜ ਗਾਏ
ਕੁੱਲ-ਬ੍ਰਹਿਮੰਡ ਸੂਰਜ ਜਾਪੇ
ਸੂਰਜ ਵਿਚੋਂ ਪੱਤਾ ਪੱਤਾ
ਹਰ ਪੱਤੇ ਚੋਂ ਸੂਰਜ ਨਜ਼ਰੀਂ ਆਏ

-----

# "ਲਹੂ 'ਚ ਭਿੱਜੇ ਬੋਲ"

ਪੰਜਾਬ, ਪੰਜਾਬੀ ਤੇ
ਪੰਜਾਬੀਅਤ ਦੇ ਨਾਂਅ

-0-

ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ ਵਿਖੇ
ਹੋਏ ਹਮਲੇ ਦੇ
ਸੰਦਰਭ ਵਿਚ ਲਿਖੇ
"ਲਹੂ 'ਚ ਭਿੱਜੇ ਬੋਲ"

# ਇਕ

ਉਸ ਮਰ ਰਹੀ
ਸੱਭਿਅਤਾ ਤੇ ਤਾਲੀਮ ਨੂੰ
ਪਾਣੀ ਦਾ ਘੁੱਟ ਦਿਓ ਜਿਊਣ ਲਈ
ਨਾ ਕਿ
ਉਸਦਾ ਜਿਸਮ ਭੋਗਣ ਲਈ
ਤੇ ਆਪਣੀ ਹਵਸ ਦਾ
ਨਿਛਾਵਾਂ ਬੇਫ਼ਲਾ ਰੁੱਖੀਂ ਬੀਜ
ਉਸਦੇ ਢਿੱਡ 'ਚ ਬੀਜਣ ਲਈ

-0-

ਬਾਰਾਂ ਵਰ੍ਹਿਆਂ ਦੀ
ਮੈਦੇ ਤੇ ਸੰਧੂਰ ਜਿਹੀ ਸੁੰਦਰ ਕਵਿਤਾ
ਕਹਾਣੀ ਜਿਹੇ ਨਕਸ਼
ਟੱਪੇ ਜਿਹਾ ਲੱਕ
ਨਾਵਲ ਜਿਹਾ ਕੱਦ ਲੈ
ਅਜੇ ਨਾਟਕੀ ਅੰਦਾਜ਼ 'ਚ
ਤੁਰਨਾ ਹੀ ਸਿੱਖੀ ਸੀ
ਕਿ ਤਖ਼ਤ ਦੇ ਟੁਕੜ ਬੋਚਾਂ
ਉਸਦੇ ਚੀਥੜੇ ਚੀਥੜੇ ਕਰ
ਕਾਂਵਾਂ ਕੁੱਤਿਆਂ ਲਈ
ਖਿਲਾਰ ਦਿੱਤੇ ਹਨ

-0-

ਮਾਂ, ਪਤਨੀ, ਧੀ
ਤੇ ਮਹਿਬੂਬ ਜਿਹੇ ਸ਼ਬਦਾਂ ਦੀ ਮਹਿਕ
ਉਸ ਗਰਭ-ਜੂਨ 'ਚ
ਸੁਫ਼ਨਿਆਂ ਦੇ ਜੰਗਲ 'ਚ ਹੰਢਾਈ ਸੀ

ਵੈਸ਼ੀਆ ਦੇ ਸਵੈ
ਤੇ ਸਰੀਰਕ ਵੰਡ ਤੋਂ ਅਗੇਰੀ
ਜੇ ਕੋਈ ਜੂਨ ਸ਼ਬਦਾਂ 'ਚ ਹੈ
ਤਾਂ
ਉਸਦੀ ਹਿੱਕ 'ਚ ਧੜਕਦੇ
ਅਰਥਾਂ ਨੇ ਹੰਢਾਈ ਹੈ

-0-

ਦੇ ਸਕਦੇ ਹੋ
ਤਾਂ ਇਨ੍ਹਾਂ ਅਰਥਾਂ ਨੂੰ
ਕੋਈ ਨਾਮ ਦਿਓ
ਕਲਾਕਾਰੋ! ਅਦੀਬੋ!!
ਸੋਨ-ਚਿੜੀ ਦੇ ਰਹਿ ਨੁਮਾਓ!!!

-0-

ਉਸਦੇ ਸਾਕਾਂ ਸੰਬੰਧੀਆਂ
ਰਿਸ਼ਤੇਦਾਰਾਂ ਚੋਂ
ਇਸ ਮਹਿਫ਼ਲ 'ਚ
ਜੇ ਇਕ ਵੀ ਆਦਮੀ ਸ਼ੋਭਤ ਹੈ
ਤਾਂ ਉਸਦੀ ਉੱਧੜੀ ਗੁਦਾ ਢੱਕ ਆਵੇ
ਉਸ ਕੈਨਵਸ ਨਾਲ
ਜਿਸ ਨੇ
ਇਕ ਪੇਂਟਿੰਗ ਦਾ ਲਿਬਾਸ ਪਹਿਨਣਾ ਸੀ

------

## ਦੋ

ਇਕ ਕਬੂਤਰ
ਸੱਤਾ ਦੇ ਪਹੀਏ ਹੇਠਾਂ ਆ ਕੇ
ਮਰ ਗਿਆ ਹੈ
ਕੱਚੀ ਇੱਟ ਤੋਂ ਲਾਲ ਕਿਲ੍ਹੇ ਤਕ
ਜਿਸਮ ਹਵਾ ਦਾ ਠਰ ਗਿਆ ਹੈ

-0-

ਮਨ ਦੇ ਮੰਦਰੀਂ
ਤੂੰ ਜੋ ਜ਼ਹਿਰ ਧੁਖਾਇਆ ਹੈ
ਮਸਤਕ 'ਚ
ਦੋ ਧਾਰਾ ਖੰਡ
ਸਿਮਰ ਭਗੌਤੀ ਆਇਆ ਹੈ

-0-

ਇਕੱਤੀ ਰਾਗਾਂ ਦੀ ਇਹ ਗੰਗਾ
ਸਰਬੱਤ ਭਲੇ ਵਿਚ ਵਗੇ
ਜਿਸਦੀ ਛੋਹ ਤੋਂ ਕਾਲੇ ਕਊਏ
ਹੰਸ ਗਏ ਹੋ ਬੱਗੇ
ਅੱਜ ਉਹ ਅੰਮ੍ਰਿਤ-ਜਲ-ਸਰੋਵਰ
ਲੋਕ-ਲਹੂ ਨਾਲ ਭਰ ਗਿਆ ਹੈ

-0-

ਸ਼ਬਦਾਂ ਤੋਂ ਅਰਥਾਂ ਦੀ ਰੂਹ ਤਕ
ਅਨੁਭਵ ਜ਼ਖ਼ਮੀ ਹੋਇਆ
ਮੱਥੇ ਵਿਚਲੀ ਚੇਤੰਨ ਲੋਅ ਦਾ
ਹੈ ਅੱਜ ਸੂਰਜ ਮੋਇਆ
ਅੱਗਣ ਵਿਚਾਰੀ ਦਰ-ਦਰ ਭੌਂਦੀ
ਮੰਗਦੀ ਚੁਟਕੀ ਸੇਕ
ਜੇ ਤੂੰ ਅਕਲ ਲ਼ਤੀਫ਼ ਫ਼ਰੀਦਾ
ਅੱਖ੍ਹਾਂ ਖੋਲ੍ਹ ਤੇ ਵੇਖ

ਇਕ ਮਰੀਅਮ ਨੇ
ਖ਼ੁਦ ਠੋਕੀ ਹੈ
ਈਸ ਮੱਥੇ ਮੇਖ਼

-0-

ਜ਼ਾਰੋ ਜ਼ਾਰ ਰੋਏ ਕਬ਼ੀਰਾ
ਢਹਿ ਅੱਲਾ ਦਾ ਘਰ ਗਿਆ ਹੈ
ਅੱਜ ਤੇ ਆਪਣਾ ਹੀ ਪ੍ਰਛਾਵਾਂ
ਆਪਣੀ ਦੇਹ ਤੋਂ ਡਰ ਗਿਆ ਹੈ
ਇਕ ਕਬੂਤਰ
ਸੱਤਾ ਦੇ ਪਹੀਏ ਹੇਠਾਂ ਆ ਕੇ
ਮਰ ਗਿਆ ਹੈ
ਕੱਚੀ ਇੱਟ ਤੋਂ ਲਾਲ ਕਿਲ੍ਹੇ ਤਕ
ਜਿਸਮ ਹਵਾ ਦਾ ਠਰ ਗਿਆ ਹੈ

-----

## ਤਿੰਨ

ਉਹ ਪੰਛੀ ਜੋ ਚਮਨ 'ਚ
ਹਰ ਰੁੱਖ ਤੇ ਆਲ੍ਹਣਾ ਬਣਾਉਂਦੇ ਸਨ
ਚਮਨ ਚੋਂ ਘਰ
ਘਰ ਚੋਂ ਚਮਨ ਸਜਾਉਂਦੇ ਸਨ
ਮਾਲੀ
ਆਲ੍ਹਣੇ ਦੇ ਸੰਗ
ਉਨ੍ਹਾਂ ਦੇ ਪਰ ਸਾੜੇ ਹਨ
ਉਹ ਘਰ ਵਿਚ ਹੁੰਦਿਆਂ ਵੀ
ਬੇ-ਘਰੇ ਤੇ ਬੇ-ਸਹਾਰੇ ਹਨ

-0-

ਇਕ ਗੀਤ ਚੁੱਪ ਦਾ
ਹਨ੍ਹੇਰੀ ਰਾਤ 'ਚ
ਉਨ੍ਹਾਂ ਨੇ ਗਾਇਆ ਹੈ
ਕਿ ਹਰ ਇਕ ਫੁੱਲ ਦੇ ਮੱਥੇ 'ਚ
ਪੱਥਰ ਉੱਗ ਆਇਆ ਹੈ

-0-

ਨਾ ਤੱਕੋ ਚਮਨ ਚੋਂ ਆਲ੍ਹਣਾ
ਆਲ੍ਹਣੇ ਚੋਂ ਚਮਨ ਉੱਗਾਓ
ਪੌਣ ਭੈਅ ਲਈ
ਉਮਰ ਭਰ
ਜਗਦੇ ਚਿਰਾਗ਼ ਦੀ ਰਾਖ਼ੀ ਨਾ ਕਰੋ
ਚਿਰਾਗ਼ ਹੋ
ਚਿਰਾਗ਼ ਚੋਂ ਬਣਕੇ ਸੂਰਜ ਚੜ੍ਹੋ

-0-

ਪੰਜਾਬੀ ਦਰਿਆਦਿਲੀ
ਤੇ ਵੱਧਣ ਫੁੱਲਣ ਦੀ ਅਦਾ
ਰਾਜਧਾਨੀ ਦੀ ਹੈ ਅੱਖ 'ਚ ਰੜਕਦੀ ਸਦਾ

ਸੰਭਲੋ
ਕਿ ਮੁੱਦਤ ਬਾਅਦ ਜਾਗੇ ਹੋ
ਪੰਜ-ਆਬ ਦੇ ਵਾਰਸ ਹੋ ਕੇ ਵੀ
ਪਿਆਸੇ ਹੋ
ਸਿਰਾਂ ਦੇ ਬਾਲ ਕੇ ਦੀਵੇ
ਤੁਸਾਂ ਚਮਨ ਰੁਸ਼ਨਾਇਆ ਹੈ
ਚਿੱਟਾ ਦੁੱਧ ਜਿਹਾ ਪੰਜਾਬ
ਤੇ ਮਾਂ ਬੋਲੀ ਨੂੰ
ਕਿਸੇ ਹਿੰਦੀ ਨਹੀਂ
ਕਿਸੇ ਹਿੰਦੀ ਨਹੀਂ
ਹਾਕਮ ਹਨ੍ਹੇਰੇ ਨੇ ਚਬਾਇਆ ਹੈ

-----

## ਚਾਰ

ਮਸਤਕ 'ਚ ਜ਼ਖ਼ਮ ਬਣਕੇ
ਉੱਗੀ ਹੈ ਕਲੀ ਕੋਈ
ਫਿਰ ਸਫ਼ਰ ਦੀ ਸੂਲੀ 'ਤੇ
ਲਟਕੀ ਹੈ ਗਲੀ ਕੋਈ

-0-

ਜ਼ਖ਼ਮਾਂ ਦਾ ਮੌਸਮ ਹੈ
ਬੱਦਲ ਰੰਗ-ਰੱਤੇ ਨੇ
ਇਕ ਸੂਲੀ ਅੰਬਰ ਦੀ
ਕਈ ਵਿਹੜੇ ਟੰਗੇ ਨੇ
ਹੈ ਛਾਲਾ ਬਣੀ ਹਵਾ
ਹੈ ਸ਼ਹਿਰ ਉਦਾਸ ਬੜਾ

-0-

ਚਿੱਥੀਆਂ ਨੇ ਬੂਟਾਂ ਨੇ
ਤਲੀਆਂ ਸ਼ਹਿਰ ਦੀਆਂ
ਧੁੰਨੀ ਤਕ ਉਧੜੀਆਂ
ਨੇ ਗਲੀਆਂ ਸ਼ਹਿਰ ਦੀਆਂ

-0-

ਇਹ ਲਹੂ ਜੋ ਡੁੱਲ੍ਹਾ ਹੈ
ਰਾਮ ਦੇ ਬੋਲ ਜਿਹਾ
ਨਾਨਕ ਦੇ ਤੋਲ ਜਿਹਾ
ਗੀਤਾ ਉਪਦੇਸ਼ ਜਿਹਾ
ਬੁੱਲ੍ਹੇ ਦਰਵੇਸ਼ ਜਿਹਾ
ਮਾਨਵ ਬਿਨ ਕਿਸ ਦਾ ਹੈ
ਇਹ ਲਹੂ ਜੋ ਦਿੱਸਦਾ ਹੈ

-----

## ਪੰਜ

ਤਿਲਮਿਲਾ ਰਹੀ
ਮੱਛੀ ਦੀ ਅੱਖ੍ਹ 'ਚ ਸੁੱਕਾ ਸਮੁੰਦਰ
ਹੈ ਸੂਲੀ ਲਟਕਦਾ ਸਫ਼ਰ
ਪੱਥਰ ਦੇ ਮਸਤਕ 'ਚ
ਪੌਣ ਦੇ ਪੈਰੀਂ
ਘੁੰਗਰੂਆਂ ਦੀ ਥਾਂ
ਅੰਗਿਆਰ ਦਿੱਸ ਰਹੇ
ਮੈਂ ਤੇ ਸ਼ੀਸ਼ਾ
ਜਿਸਮ ਤੋਂ ਹਾਂ
ਰੂਹ ਤਕ ਪੱਛੇ ਗਏ

-0-

ਇਕ ਸ਼ਹਿਰ
ਨੈਣਾਂ ਦੇ ਵਿਹੜੇ ਖੇਡਦਾ ਹੀ ਖੇਡਦਾ
ਨੈਣਾਂ ਦੇ ਜੰਗਲੀਂ ਗੁੰਮ ਗਿਆ
ਜਿਉਂਦਾ ਜਾਗਦਾ ਅਹਿਸਾਸ
ਹੱਥਾਂ ਦੀ ਨਿੱਘੀ ਬੁੱਕਲੇ ਹੈ ਠਰ ਗਿਆ
ਉਂਗਲਾਂ ਚੋਂ
ਉਮਰ ਨੁੱਚੜੀ
ਕਾਫ਼ਲਾ ਸਾਹਾਂ ਦਾ ਬੇਗ਼ਾਨਾ ਹੋ ਗਿਆ
ਤਿੜਕ ਕੇ ਪੱਥਰ ਨੇ
ਫੁੱਲ ਨੂੰ ਇੰਜ ਕਿਹਾ
ਕੌਣ ਤੇਰੀ ਮਹਿਕ
ਜ਼ਖ਼ਮੀ ਕਰ ਗਿਆ
ਕੌਣ ਤੇਰੇ ਰੰਗ ਤੋਂ
ਸੜਿਆ ਹੈ ਇੰਜ

ਨਦੀ ਦੀ ਕੁੱਖੋਂ ਜਨਮਦਾ
ਸੂਰਜ ਹੈ ਲੂਹਿਆ ਗਿਆ
-0-
ਖ਼ਾਕ ਉੱਡੀ ਹੈ
ਅੱਗ ਬੀਜਣ ਲਈ
ਵੰਜੂਦ ਧਰੰਤੀ ਦਾ ਹੈ
ਨੀਲਾ ਹੋ ਗਿਆ
ਹਰੀ ਕਚੂਰ ਰੁੱਤ ਦੇ ਅੰਗੀਂ
ਹੈ ਬ਼ੱਦਲ
ਅੱਗ ਬਣਕੇ ਵਰ੍ਹ ਗਿਆ
ਕੌਣ ਡੁੱਬਾ ਹੈ ਝਨਾਂ 'ਚ ਉਮਰ ਬਾਅਦ
ਰਾਵੀ ਨੇ ਸਿਦਕ ਕੂਕਿਆ
ਸਤਲੁਜ ਨੇ ਲਹੂ ਥੁੱਕਿਆ
-----

## ਛੇ

ਅੱਖ ਪੱਥਰਾ ਗਈ
ਕੰਨਾਂ 'ਚ ਲੋਹਾ ਢੱਲ ਗਿਆ
ਸ਼ਬਦ ਅਰਥ
ਜੰਮ ਗਏ ਹਨ ਲਹੂ ਵਾਂਗ
ਮੁਰਦਾ ਚੌਰਾਹਿਆਂ 'ਚ
ਸੜਕਾਂ ਦੇ ਬੁੱਲ੍ਹਾਂ ਤੇ
ਧਰਤੀ ਦੇ ਅੰਗਾਂ ਤੇ

-0-

ਲਹੂ ਨਾਲ ਭਿੱਜ ਗਿਆ ਹੈ ਦਿਨ
ਰਾਤ ਦੀ ਬੁੱਕਲ 'ਚ
ਛਲਣੀਂ ਛਲਣੀਂ ਹੋ ਗਿਆ ਹੈ ਸਮਾਂ
ਮਨੁੱਖ ਦੀ ਹਥੇਲੀ ਤੇ
ਮੋਰਨੀ ਦੇ ਬੱਚਿਆਂ ਦੀਆਂ
ਲਾਸ਼ਾਂ ਹਨ ਸਰਦਲ ਤੇ
ਦਿੱਲੀ ਦੇ ਅੰਬਰੋਂ ਡਿੱਗੀ ਹੈ
ਬਿਜਲੀ ਹਵੇਲੀ ਤੇ

-0-

ਬਸ ਸਹਿਮ ਹੈ
ਜੋ ਜਾਗਦਾ ਸੋਚਦਾ
ਸੁਣਦਾ ਵੀ ਚੁੱਪ ਹੈ
ਇਕ ਸੱਨਾਟਾ
ਪੰਜਾਬ ਦੇ ਪਿਘਲੇ ਅੰਗਾਂ ਚੋਂ
ਤਿਪਕਾ ਤਿਪਕਾ
ਜ਼ਿਹਨ 'ਚ ਚੋਂਦਾ ਪਿਆ ਹੈ
ਜਿਉਂ ਬੁੱਤ ਕੋਈ
ਆਪਣੇ ਸਿਰਜਕ ਦੇ ਗਲ
ਲੱਗ ਰੋਂਦਾ ਪਿਆ ਹੈ

"ਹੁਣ ਤੇ ਰੰਗ ਲਹੂ ਦਾ
ਬੰਦੇ ਨੂੰ ਨਹੀਂ ਰਾਸ
ਪੈਰਾਂ ਦੇ ਲਈ ਸੱਜਰੇ ਪੈਂਡੇ
ਦੇਹ ਲਈ ਲਹੂ ਤਲਾਸ਼
ਵੇਖ ਪਰਤ ਕੇ ਗੁਰਾਂ ਦੀ ਨਗਰੀ
ਬਾਂਦਰ ਗਏ ਨੇ ਬਾਲ
ਆਪਣੀ ਲਾਸ਼ ਮੋਢੀਂ ਚੁੱਕੀ
ਸਿਵਿਆਂ ਰਾਹ ਪੰਜਾਬ
ਸੋਚ ਵੇ ਲੋਕਾ
ਦਿੱਲੀ ਦੇ ਦਿਲ ਵਿਚ
ਕੀ ਪਰਜਾ ਲਈ ਥਾਂ
ਗੁਰ ਕੀ ਨਗਰੀ ਕਾਲੀ ਧੁੱਪ
ਤੇ ਲਾਲ ਸੁਰਾਖ਼ ਹੈ ਛਾਂ

-----

## ਸੱਤ

ਜਦ ਸ਼ਹਿਰ
ਲਹੂ 'ਚ ਲੱਥ-ਪੱਥ ਸੀ
ਤਾਂ ਨਜ਼ਰ 'ਚ ਉੱਗ ਪਈ
ਫ਼ਸਲ ਸਿਰਾਂ ਦੀ
ਆਪਣੇ ਤੇ ਉਨ੍ਹਾਂ ਖਿਲਾਫ਼
ਆਪਣੇ ਸਿਰ ਤੋਂ ਵੱਖ ਹੋਏ ਧੜ ਤੇ
ਇਕ ਹੋਰ ਸਿਰ
ਮਹਿਸੂਸ ਕੀਤਾ ਸ਼ਹਿਰ ਨੇ

-0-

ਸ਼ਹਿਰ ਦੀ ਛਾਤੀ 'ਚ
ਦਾਗ਼ਿਆ ਲੋਹਾਂ ਤੇ ਲਹੂ ਦੀਆਂ ਛਿੱਟਾਂ
ਮੇਜ਼ ਤੇ ਘੁੰਮ ਰਹੀ
ਗਲੋਬ ਤੇ ਜਾ ਪਈਆਂ
ਗੋਲੀਆਂ ਦੇ ਨਿਸ਼ਾਨ
ਅਜੋਕੇ ਮਨੁੱਖ ਦੇ ਮੂੰਹ ਤੇ
ਚੇਚਕ ਵਾਂਗ ਨਿਕਲ ਆਏ
ਕਤਲ ਅਰਥਾਂ ਦੀ ਤਰ੍ਹਾਂ

-0-

ਸ਼ਹਿਰ ਦੀ ਹਰ ਕਿਰਿਆ
ਸੋਚ ਚੋਂ ਜਨਮੀ
ਤੇ ਇਕ ਲੰਬਾ ਸਮਾਂ
ਸ਼ਹਿਰ ਦੇ ਪੈਰਾਂ 'ਚ ਦੀਵੇ ਵਾਂਗ ਜਗੀ
ਸ਼ਹਿਰ ਨੇ
ਆਪਣੇ ਤੋਂ ਮੈਨੂੰ ਉਤਾਰਿਆ
ਤੂੰ ਦਾ ਚਾਨਣ ਖਿਲਾਰਿਆ
ਸ਼ਹਿਰ ਜੋ ਸ਼ਬਦੀ ਜੂਨ ਹੰਢਾਅ ਰਿਹਾ ਸੀ

ਤੇ ਆਪਣੀ ਚੀਖ਼ ਵਿਚ ਹੀ ਗੁੰਮ ਸੀ
ਨੇ ਸੱਚ ਵੇਖਿਆ ਬੋਲਿਆ ਜੀਵਿਆ
ਤੇ ਸਿੰਜਿਆ ਲਹੂ ਸੰਗ

-0-

ਸ਼ਹਿਰ
ਅੱਜ ਸ਼ਬਦਾਂ ਦੇ ਜੰਗਲੀਂ
ਭਟਕ ਰਿਹਾ ਹੈ
ਅਰਥਾਂ ਦੀ ਸੂਲੀ ਲਟਕ ਰਿਹਾ ਹੈ
ਅਰਥ ਵੇਖਣ ਬੋਲਣ
ਤੇ ਜਿਊਣ ਦੇ ਜ਼ੁਰਮ 'ਚ
ਆਪਣੇ ਧੜ ਤੇ
ਸ਼ਬਦ-ਸਿਰ ਦੀ ਥਾਂ
ਅਰਥ-ਸਿਰ ਉੱਗਾਉਣ ਦੇ ਜ਼ੁਰਮ 'ਚ

------

## ਅੱਠ

ਇਥੇ ਵਿਹਲ ਕਿੱਥੇ
ਹੇਠ ਝਾਕਣ ਦੀ
ਸਿਰ 'ਚ
ਹਰ ਪਲ ਉੱਗ ਰਹੇ
ਜੰਗਲ ਦੀ ਗਤੀ ਜਾਣਨ ਦੀ
ਪੱਛੀਆਂ ਦੇ ਚੀਖ-ਚਿਹਾੜੇ
ਤੇ
ਜੰਗਲੀ-ਪੀੜਤ-ਹਵਾ
ਸੰਗ ਸਾਂਝ ਪਾਲਣ ਦੀ

-0-

ਹਰ ਗੀਤ ਬੁੱਲ੍ਹਾਂ ਦੀ ਸੂਲੀ
ਹਰ ਚੀਖ ਕੰਠ ਦਾ ਸਿਵਾ
ਜਿਊਂਦੀ ਹੈ
ਨਜ਼ਰ ਹੈ ਛਿਲਤਰ ਛਿਲਤਰ
ਦ੍ਰਿਸ਼ਟੀ ਸੂਝ-ਸੂਈ ਨਾਲ
ਪਾਟੇ ਰਾਹ ਸਿਊਂਦੀ ਹੈ

-0-

ਕੁੱਝ ਇਸ ਤਰ੍ਹਾਂ ਦਾ ਹੋ ਗਿਆ
ਸ਼ੀਸ਼ੇ 'ਚ ਮੇਰਾ ਚਿਹਰਾ
ਜਿਉਂ ਨਕਸ਼ਾਂ ਦੀ ਅਬਾਦੀ 'ਚ
ਹਵਾ ਖੰਡਰ ਉੱਗਾਉਂਦੀ ਹੈ

-0-

## ਨੌਂ

ਉਸ ਰੁੱਖ ਨੇ ਜੋ ਧੁੱਪ
ਆਪਣੇ ਜੁੱਸੇ ਤੇ ਝੱਲੀ
ਛਾਂ ਕੀ ਜਾਣੇ
ਛਾਂ ਤਾਂ ਉਸਦੇ ਸਿਰ ਚੋਂ
ਉਮਰ ਵਾਂਗ ਕਿਰਦੀ ਰਹੀ

-0-

ਦਿਲ ਦਾ ਚਮਨ ਸੀ
ਕੂਲ੍ਹ ਹੱਥੋਂ ਝੁਲਸਿਆ
ਜ਼ਾਤ ਰੁੱਖਾਂ ਦੀ
ਐਵੇਂ ਅੱਗ ਤੇ ਧੁੱਕਦੀ ਰਹੀ

-0-

ਨੀਂਦ ਦੇ ਨੈਣੀਂ ਕਰਫ਼ੀਊ ਜਾਗਦਾ
ਹਰ ਮੋੜ ਹੈ ਸਿਵਾ
ਰਾਹੀ ਰਾਹ ਤੇ ਮੰਜ਼ਿਲ ਦਾ
ਖਲਾਅ ਦੇ ਪਿੰਡੇ ਤੇ
ਹਰ ਸ਼ਬਦ ਹੈ ਛਾਲਾ ਬਣ ਉੱਗਾ
ਕੱਟੀਆਂ ਜੀਭਾਂ ਦੇ ਜੰਗਲ ਦਾ
ਚੁੱਪ ਅੱਥਰੂ ਕੇਰਦੀ ਹੈ ਹਵਾ
ਆਦਮੀ ਨਾ ਆਦਮੀ ਬਣਿਆ ਖ਼ੁਦਾ

-0-

ਅੱਜ ਲਹੂ ਆਪਣਾ ਰੁੱਖ ਨੇ
ਸ਼ਹਿਰ ਦੇ ਹੈ ਮੂੰਹ ਤੇ ਮਲਿਆ
ਸੂਰਜ ਦੀ ਅੱਖੀਂ ਰਾਤ ਉੱਤਰੀ ਹੈ
ਸ਼ਹਿਰ ਜੰਗਲ 'ਚ ਢਲ ਹੈ ਚਲਿਆ

-----



ਮੈਂ
ਖਿੰਡ ਗਿਆ ਹਾਂ ਸਮੇਂ 'ਚ
ਮੇਰੀ ਹਸਤੀ ਦਾ ਸੂਰਜ
ਭੁਰ ਗਿਆ ਹੈ
ਮੁੱਢ ਜੋ ਸਿਰ ਤਕ ਹਰਾ ਸੀ
ਬਾਹਰ ਤੋਂ ਅੰਦਰ ਤਕ
ਸੁੱਕ ਗਿਆ ਹੈ

ਚਰਨ ਸਿੰਘ